Postal No. - Jallandhar Vide No. L-4/PB/0196/Lobana Sewak/0196/2022-2023
Regd No. 32212/78

# ਲੁਬਾਣਾ ਸੇਵਕ

ਮਾਰਚ 2023 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਹੋਲੇ-ਮਹੱਲੇ ਦੀਆਂ ਲੱਖ-ਲੱਖ ਮੁਬਾਰਕਾਂ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਹੋਲਾ ਮਹੱਲਾ ਖ਼ਾਲਸੇ ਦਾ



ਹੋਲੇ ਮਹੱਲੇ ਦੇ ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਹਨ। 'ਹੋਲਾ' ਤੇ 'ਮਹੱਲਾ' ਦੋ ਸ਼ਬਦ ਹਨ। 'ਹੋਲਾ' ਅਰਬੀ ਭਾਸ਼ਾ ਤੇ 'ਮਹੱਲਾ' ਫਾਰਸ਼ੀ ਭਾਸ਼ਾ ਦਾ ਸ਼ਬਦ ਹੈ। ਦਸਮੇਸ਼ ਪਿਤਾ ਨੇ ਨਿੱਘਰ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਮਨੁੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ, ਉਨ੍ਹਾਂ ਵਿਚ ਨਿਡਰਤਾ ਤੇ ਨਿਰਭੈਤਾ ਭਰਨ ਅਤੇ ਉਨ੍ਹਾਂ ਨੂੰ ਸੂਰਬੀਰ ਯੋਧੇ ਬਣਾਉਣ ਲਈ ਖਾਲਸਾ ਪੰਥ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਚਰਨ ਪਾਹੁਲ ਦੀ ਥਾਂ ਖੰਡੇ-ਬਾਟੇ ਦਾ ਅੰਮ੍ਰਿਤ ਤੇ ਹੋਲੀ ਦੀ ਥਾਂ ਹੋਲਾ ਪ੍ਰਚਲਿਤ ਕੀਤਾ ਅਤੇ ਅਜ਼ਾਦੀ ਪ੍ਰਾਪਤ ਕਰਨ, ਜੋਸ਼ ਪੈਦਾ ਕਰਨ ਲਈ ਕਲਗੀਧਰ ਦਸਮੇਸ਼ ਪਿਤਾ ਨੇ ਜਿਥੇ ਨਵਾਂ ਜੀਵਨ ਬਖਸ਼ਿਆ ਉਥੇ ਭਾਰਤੀ ਸਮਾਜ ਨੂੰ ਉਨ੍ਹਾਂ ਦੇ ਰੀਤੀ ਰਿਵਾਜ਼ਾਂ ਅਤੇ ਤਿਉਹਾਰ ਮਨਾਉਣ ਦੇ ਢੰਗਾਂ ਵਿਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿਚ ਖਾਲਸਾ ਪੰਥ ਦੀ ਸਾਜਣਾ ਕਰ ਕੇ ਸਿੱਖ ਪੰਥ ਵਿਚ ਇਕ ਮਹਾਨ ਤੇ ਕ੍ਰਾਂਤੀਕਾਰੀ ਤਬਦੀਲੀ ਕੀਤੀ ਅਤੇ ਸਿੱਖ ਨੂੰ ਇਕ ਵੱਖਰੀ ਪਹਿਚਾਣ ਦਿੱਤੀ। ਹੋਲੀ ਮਨਾਉਣ ਸਮੇਂ ਜਿਥੇ ਲੋਕ ਇਕ ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉਥੇ ਸਤਿਗੁਰ ਜੀ ਨੇ ਇਸ ਬੁਰਿਆਈ ਨੂੰ ਖਤਮ ਕਰਨ ਲਈ 'ਹੋਲੀ' ਨੂੰ 'ਹੋਲੇ ਮਹੱਲੇ' ਦਾ ਰੂਪ ਦੇ ਦਿੱਤਾ।

ਕਈ ਵਾਰ ਸਮੇਂ ਦੀਆਂ ਸਰਕਾਰਾਂ ਖ਼ਾਲਸੇ ਦੀ ਚੜ੍ਹਦੀ ਕਲਾ ਨੂੰ ਨਾ ਸਹਾਰਦੀਆਂ ਹੋਈਆਂ ਵੀ ਖ਼ਾਲਸੇ ਨਾਲ ਸਮਝੌਤੇ ਕਰਦੀਆਂ ਰਹੀਆਂ ਹਨ। ਜਿਵੇਂ ਕਿ 1748ਈ: ਵਿਚ ਜਲੰਧਰ ਦੇ ਫੌਜਦਾਰ ਅਦੀਨਾ ਬੇਗ ਨੇ ਸੁਲਤਾਨ-ਉੱਲ-ਕੌਮ ਨਵਾਬ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਮੁਲਾਕਾਤ ਲਈ ਸੱਦਾ ਭੇਜਿਆ। ਪਰ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਮੁਗਲਾਂ ਦੀ ਸਮਝੌਤੇ ਦੀ ਆੜ ਵਿਚ ਬੇਈਮਾਨੀ ਲੁੱਕੀ ਹੋਈ ਹੈ, ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੀ ਨੇ ਅਦੀਨਾ ਬੇਗ ਨੂੰ ਲਿਖਿਆ "ਮੁਲਾਕਾਤ ਤਾਂ ਹਮਰੀ ਤੁਮਰੀ ਲੜਾਈ ਮੇਂ ਹੀ ਹੋਵੇਗੀ। ਔਰ ਜੋਨ ਸੇ ਹਥਿਆਰ ਊਹਾਂ ਛੂਟੇਂਗੇ, ਸੋਈ ਦਿਲ ਕੀ ਬਾਤਾਂ ਜ਼ਾਹਰ ਹੋਵੇਂਗੀਆਂ।" ਇਸ ਵਰਣਨ ਤੋਂ ਸਿੰਘਾਂ ਦੀ ਚੜ੍ਹਦੀ ਕਲਾ ਦੀ ਸੰਖੇਪ ਜਿਹੀ ਝਲਕ ਜ਼ਰੂਰ ਮਿਲ ਜਾਂਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦੇ ਪਰੰਪਰਾਈ ਪੱਖ ਤੋਂ ਹਟ ਕੇ ਇਸ ਤਿਉਹਾਰ ਦਾ ਸੰਬੰਧ ਸੂਰਮਤਾਈ ਨਾਲ ਜੋੜਿਆ। ਮਹੱਲੇ ਮੌਕੇ ਗੁਰੂ ਜੀ ਸਿੰਘਾਂ ਵਿਚ ਜੰਗਜੂ ਲੜਾਈਆਂ ਕਰਵਾਉਂਦੇ ਅਤੇ ਜਿੱਤਣ ਵਾਲੇ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਦੇ। ਇਸ ਮੌਕੇ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਅਤੇ ਚਰਨ ਗੰਗਾ ਦੇ ਮੈਦਾਨ ਵਿਚ ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਗੁਰੂ ਸਾਹਿਬ ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲੇ-ਮਹੱਲੇ ਦੇ ਰੂਪ ਵਿਚ ਮਨਾਏ ਜਾਂਦੇ ਜੰਗਜ਼ੂ ਤਿਉਹਾਰ 'ਤੇ ਸਿੰਘਾਂ ਦੀਆਂ ਆਪਸ ਵਿਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋ-ਬਲ ਨੂੰ ਉਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਉਤਸਵ ਵਿਚ ਧੜਾਧੜ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਏ। ਅਤਰ ਫੁਲੇਲ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫੁਹਾਰਾਂ ਤੇ ਬੇਅੰਤ ਇਕੱਠ ਦੀ ਸ਼ੋਭਾ ਨੇ ਭਾਈ ਨੰਦ ਲਾਲ ਜੀ ਵਰਗੇ ਮਹਾਨ ਵਿਦਵਾਨ ਚਿੰਤਕ ਨੂੰ ਵੀ ਪ੍ਰਭਾਵਿਤ ਕੀਤਾ। ਸਤਿਗੁਰਾਂ ਦੁਆਰਾ ਹੋਲੇ ਦੀ ਖੇਡ ਨੂੰ ਆਪਣੀ ਕਲਮ ਨਾਲ ਬਿਆਨ ਕਰਦਿਆਂ ਉਹ ਲਿਖਦੇ ਹਨ ਕਿ ਹੋਲੀ ਦੇ ਫੁੱਲ ਖਿੜਨ ਨਾਲ ਸਾਰਾ ਬਾਗ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁਖੜਾ ਕਲੀ ਦੀ ਤਰ੍ਹਾਂ ਖਿੜ ਗਿਆ। ਪਾਤਸ਼ਾਹ ਨੇ ਗੁਲਾਲ ਦੀ ਐਸੀ ਵਰਖਾ ਕੀਤੀ ਕਿ ਧਰਤੀ ਤੇ ਆਕਾਸ਼ ਸੂਹਾ ਹੋ ਗਿਆ। ਜਦੋਂ ਪਾਤਸ਼ਾਹ ਨੇ ਰੰਗਿਆ ਹੋਇਆ ਚੋਲਾ ਪਹਿਨਿਆ ਤਾਂ ਸਭ ਦੀ ਆਤਮਾ ਖਿੜ ਗਈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਇਆ ਹੋਲਾ ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਇਹ ਖਾਲਸਾ ਪੰਥ ਲਈ ਸਵੈਮਾਨ, ਖਾਲਸੇ ਦੇ ਬੋਲ-ਬਾਲੇ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਹੋਲਾ ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ-ਵਿਸ਼ਵਾਸੀ, ਪ੍ਰਭੂ-ਭਗਤੀ ਤੇ ਉਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਹ ਪਵਿੱਤਰ ਤਿਉਹਾਰ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਹੱਕ ਮੰਗਿਆਂ ਪ੍ਰਾਪਤ ਨਹੀਂ ਹੁੰਦੇ ਸਗੋਂ ਸ਼ਕਤੀ ਤੇ ਜ਼ੋਰ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛੋਹ ਪ੍ਰਾਪਤ ਧਰਤੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਪੁੱਜ ਕੇ ਬੜੇ ਉਤਸ਼ਾਹ ਤੇ ਜੋਸ਼ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਦੀਵਾਨ ਸਜਦੇ ਹਨ, ਨਿਹੰਗ ਸਿੰਘਾਂ ਦੇ ਜਥੇ ਤੇ ਖਾਲਸਾ ਪੰਥ ਦੀ ਫ਼ੌਜ ਦੇ ਹੋਰ ਦਸਤੇ ਰਲ-ਮਿਲ ਕੇ ਨਗਰ ਕੀਰਤਨ ਕੱਢਦੇ ਹਨ। ਘੋੜ ਸਵਾਰੀ ਤੇ ਗਤਕੇਬਾਜ਼ੀ ਦੇ ਜੰਗਜ਼ੂ ਕਰਤੱਵ ਦੇਖਣਯੋਗ ਹੁੰਦੇ ਹਨ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ-ਸ੍ਰੋਤ ਹੈ। ਆਓ ! ਹੋਲੇ ਮਹੱਲੇ ਦੇ ਇਸ ਇਤਿਹਾਸਕ ਮੌਕੇ 'ਤੇ ਲੋਕ ਸੇਵਾ ਅਤੇ ਦੇਸ਼ ਦੀ ਤਰੱਕੀ ਲਈ ਇਸ ਲਹਿਰ ਨੂੰ ਪ੍ਰਚੰਡ ਕਰੀਏ।

**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ


**Chief Editor**
**Er. Harbhajan Singh**
Dy. C.E. (Retd.) President
M.: 98140-62091

**Addl. Chief Editor**
**Er. Parminderjit Singh**
M.: 99153-57524

**Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Co-Editor**
**S. Surinder Singh Ruby ETO (Retd.)**
M.: 98141-28181

## Advisors

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289


## ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ


ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org


FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 &
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਮਾਰਚ ਮਹੀਨੇ ਦੀ ਮੱਸਿਆ, ਸੰਗਰਾਂਦ**
**ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**
**ਪੂਰਨਮਾਸ਼ੀ - 07-03-2023 (ਮੰਗਲਵਾਰ)**
**ਸੰਗਰਾਂਦ - 14-03-2023 (ਮੰਗਲਵਾਰ)**
**ਮੱਸਿਆ - 21-03-2023 (ਮੰਗਲਵਾਰ)**

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 117 | ਮਾਰਚ - 2023



1. ਖ਼ਾਲਸੇ ਦਾ ਹੋਲਾ ਮਹੱਲਾ 4
2. ਇਕ ਪਿੰਡ, ਇਕ ਗੁਰਦੁਆਰਾ ਸਾਹਿਬ 6
3. ਗੁਰ ਸਾਗਰ ਦੇ ਸੁੱਚੇ ਮੋਤੀ 8
4. ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ 9
5. ਜੀਵਨ ਵਿਕਾਸ – ਇਕ ਸੰਘਰਸ਼ 11
6. ਫਰਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 12
7. ਸਾਡੀ ਮਾਂ ਬੋਲੀ ਪੰਜਾਬੀ 14
8. ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ 15
9. ਪ੍ਰਦੂਸ਼ਣ ਇੱਕ ਸਮੱਸਿਆ 18
10. ਜ਼ਰੂਰੀ ਹੈ ਮਾਪਿਆਂ ਦਾ ਬੱਚਿਆਂ ਨਾਲ ਵਕਤ ਬਿਤਾਉਣਾ 19
11. ਹੱਸਦਿਆਂ ਦੇ ਘਰ ਵਸਦੇ 20
12. 'ਸੰਦਲੀ ਪੌਣਾਂ ਝੂਲਦੀਆਂ, ਜਿੱਥੇ ਨਾਰੀ ਦਾ ਸਨਮਾਨ' 22
13. ਲੋਕ ਤੱਥ 24
14. ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ 25
15. ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ 27
16. ਆਓ ਜਾਣੀਏ! 28
17. 2023 ਮੁਬਾਰਕ! 29
18. ਕਿਉਂ ਹੋ ਰਿਹੈ ਦੇਸ਼ ਬੇਗਾਨਾ? 30
19. ਸਿਹਤ ਸੰਭਾਲ 32
20. ਚੋਰ 33
21. ਕਾਵਿ–ਕਿਆਰੀ 35
22. प्यासा हिरण 37
23. जीवन में शिक्षा का महत्त्व 38
24. Computer Interesting Facts 39
25. Matrimonial 40
26. ਦਾਨੀ ਸੱਜਣਾਂ ਦੀ ਸੂਚੀ 42



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Harbhajan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

### 8 ਮਾਰਚ 'ਤੇ ਵਿਸ਼ੇਸ਼

# ਖ਼ਾਲਸੇ ਦਾ ਹੋਲਾ ਮਹੱਲਾ



ਭਾਰਤ ਤਿਉਹਾਰਾਂ ਦਾ ਦੇਸ਼ ਹੈ ਅਤੇ ਖਾਲਸਾ ਪੰਥ ਇਨ੍ਹਾਂ ਵਿੱਚੋਂ ਕਈ ਤਿਉਹਾਰਾਂ ਨੂੰ ਆਪਣੀ ਪਛਾਣ ਨਾਲ ਜੋੜ ਕੇ ਨਿਵੇਕਲੇ ਢੰਗ ਨਾਲ ਮਨਾਉਂਦਾ ਹੈ ਜਿਵੇਂ 'ਹੋਲੀ' ਦੀ ਥਾਂ ਖਾਲਸਾ ਪੰਥ 'ਹੋਲਾ ਮਹੱਲਾ' ਅਤੇ ਦੀਵਾਲੀ ਦੀ ਥਾਂ ਬੰਦੀ ਛੋੜ ਦਿਵਸ ਮਨਾਉਂਦਾ ਹੈ। ਹੋਲੇ ਮਹੱਲੇ ਦਾ ਅਰੰਭ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ 'ਤੇ ਕੀਤਾ। ਹੋਲਾ ਮਹੱਲਾ ਮਨਾਉਣ ਦਾ ਮੰਤਵ ਗੁਰਸਿੱਖਾਂ ਅੰਦਰ 'ਫਤਹਿ' ਦੇ ਅਨੁਭਵ ਨੂੰ ਹੋਰ ਦ੍ਰਿੜ ਕਰਨਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦੇਸ਼ ਦੀ ਜਨਤਾ ਖਾਸ ਕਰਕੇ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਵਿਚ ਨਵਾਂ ਉਤਸ਼ਾਹ, ਨਿਡਰਤਾ ਅਤੇ ਨਿਰਭੈਤਾ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਆਦੇਸ਼ ਜਾਰੀ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਮਨਾਉਣ ਦੇ ਪ੍ਰੰਪਰਾਗਤ ਤਰੀਕਿਆਂ ਤੋਂ ਹਟ ਕੇ ਹੋਲਾ ਮਹੱਲਾ ਵਿਲੱਖਣ ਰੂਪ 'ਚ ਮਨਾਉਣ ਦੀ ਰਵਾਇਤ ਅਰੰਭ ਕੀਤੀ ਅਤੇ ਇਸ ਤਿਉਹਾਰ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਨਵੇਂ ਅਰਥ ਦਿੱਤੇ ਤੇ ਨਵੇਂ ਢੰਗ ਤਰੀਕੇ ਅਪਣਾਏ।

ਮੌਸਮੀ ਤਬੀਦਲੀ ਦੇ ਪੱਖ ਤੋਂ ਹੋਲੀ ਬਸੰਤ ਰੁੱਤ ਦੇ ਆਗਮਨ, ਖੇੜੇ ਤੇ ਖੁਸ਼ੀਆਂ ਦਾ ਤਿਉਹਾਰ ਹੋਣ ਕਰਕੇ ਵਿਸ਼ੇਸ਼ ਸਥਾਨ ਰੱਖਦੀ ਹੈ। ਪੱਤਝੜ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ ਅਤੇ ਸਾਰੇ ਪਾਸੇ ਖੇੜਾ ਹੀ ਖੇੜਾ ਹੁੰਦਾ ਹੈ। ਗੁਰੂ ਸਾਹਿਬਾਨ ਨੇ ਇਹ ਤਿਉਹਾਰ ਸਿਮਰਨ, ਸਤਿਸੰਗ ਤੇ ਸੇਵਾ ਵਿਚ ਜੁੜ ਕੇ ਹੀ ਮਨਾਉਣ ਦਾ ਉਪਦੇਸ਼ ਦਿੱਤਾ।

**ਸੰਪਾਦਕ**
**ਭਗਵਾਨ ਸਿੰਘ ਲੁਬਾਣਾ**
**98155-40240**



ਖਾਲਸਾ ਪਰਮਾਤਮਾ ਦੀ ਮੌਜ ਦਾ ਸਾਕਾਰ ਰੂਪ ਹੈ ਜਿਸ ਨੂੰ ਸੁਹਜ ਅਤੇ ਸਾਜ਼ ਦਸਵੇਂ ਪਾਤਸ਼ਾਹ ਜੀ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਬਖਸ਼ੀ ਹੈ। ਇਸ ਲਈ ਇਸ ਦੀ ਹਰ ਕ੍ਰਿਆਤਮਿਕ ਗਤੀਵਿਧੀ ਚੜ੍ਹਦੀ ਕਲਾ ਅਤੇ ਰੂਹਾਨੀਅਤ ਵਿਚ ਭਿੱਜੀ ਪੇਸ਼ ਹੁੰਦੀ ਹੈ। ਦਸਵੇਂ ਪਾਤਸ਼ਾਹ ਜੀ ਨੇ ਖਾਲਸੇ ਨੂੰ ਮੇਲਿਆਂ, ਇਕੱਠਾਂ ਵਿਚ ਮੌਜ ਮਸਤੀ ਜਾਂ ਵਕਤ ਗੁਜ਼ਾਰੀ ਲਈ ਇਕੱਤਰ ਹੋਣ ਦੀ ਪ੍ਰੇਰਨਾ ਨਹੀਂ ਦਿੱਤੀ ਬਲਕਿ ਇਨ੍ਹਾਂ ਇਕੱਠਾਂ ਨੂੰ ਸਤਿਸੰਗਤ ਦੀ ਰੂਹਾਨੀਅਤ ਨਾਲ ਰੂਹ ਦੀ ਚੜ੍ਹਦੀ ਕਲਾ ਅਤੇ ਆਨੰਦ ਦੇ ਸੋਮੇ ਵਜੋਂ ਸਥਾਪਤ ਕੀਤਾ ਹੈ। ਗੁਰੂ ਖਾਲਸੇ ਦੇ ਪੁਰਬ, ਤਿਉਹਾਰ, ਯਾਦਗਾਰੀ ਸਾਕੇ, ਖਾਲਸਾ ਪੰਥ ਨੂੰ ਨਵੀਂ ਚੇਤਨਾ ਅਤੇ ਰੱਬੀ ਸਰੂਰ ਨਾਲ ਭਰਦੇ ਹਨ। ਉਹ ਆਪਣੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅੰਦਰ ਜੁੜ ਕੇ ਰੱਬੀ ਗੁਣਾਂ ਨਾਲ ਸਾਂਝ ਪਾਉਣ ਲਈ ਤਾਂਘ ਲੈ ਕੇ ਉਤਸ਼ਾਹਿਤ ਨਜ਼ਰ ਆਉਂਦੇ ਹਨ।

ਹੋਲਾ ਮਹੱਲਾ ਖਾਲਸੇ ਦਾ ਬੜੀ ਚੜ੍ਹਦੀ ਕਲਾ ਦਾ ਪੁਰਬ ਹੈ ਜੋ ਬਸੰਤ ਰੁੱਤ ਵਿਚ ਹੋਲੀ ਤੋਂ ਅਗਲੇ ਦਿਨ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਇਸ ਦਿਨ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਵਾਰਾਂ ਗਾਈਆਂ ਜਾਂਦੀਆਂ, ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਜਾਂ ਮਸ਼ਕਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਗੁਰੂ ਸਾਹਿਬ ਰੁਚੀ-ਪੂਰਵਕ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਹੁਣ ਇਹ ਤਿੰਨ ਦਿਨਾਂ ਦਾ ਤਿਉਹਾਰ ਬਣ ਗਿਆ ਹੈ ਜੋ ਹੋਲੀ ਤੋਂ ਇਕ ਦਿਨ ਪਹਿਲਾਂ ਅਤੇ ਇਕ ਦਿਨ ਬਾਅਦ (ਫੱਗਣ ਸੁਦੀ ਚੌਦਾਂ ਤੋਂ ਚੇਤਰ ਵਦੀ ਇਕ ਤਕ) ਵਿਸ਼ੇਸ਼ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੀ ਸ਼ੁਰੂਆਤ ਕਲਗੀਧਰ ਪਾਤਸ਼ਾਹ ਜੀ ਨੇ ਹੋਲਗੜ੍ਹ ਕਿਲ੍ਹੇ 'ਤੇ ਦੀਵਾਨ ਲਗਾ ਕੇ ਸੰਮਤ 1757 ਚੇਤ ਵਦੀ 1 ਨੂੰ ਕੀਤੀ। ਇਸ ਨੂੰ ਹੋਲਾ ਮਹੱਲਾ ਨਾਮ ਦਿੱਤਾ। ਹੋਲਾ ਮਹੱਲਾ ਦੇ ਅਰਥ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਇਸ ਨੂੰ ਹਮਲਾ ਅਤੇ ਜਾਯ ਹਮਲਾ ਕਹਿੰਦੇ ਹਨ। ਉਨ੍ਹਾਂ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤਰ ਅਤੇ ਯੁੱਧ ਵਿੱਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤ ਚਲਾਈ ਸੀ। ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੀ ਅਗਵਾਈ ਹੇਠ ਇਕ ਖਾਸ ਸਥਾਨ 'ਤੇ ਕਬਜ਼ਾ



ਕਰਨ ਲਈ ਹਮਲਾ ਕਰਨਾ। ਕਲਗੀਧਰ ਪਾਤਸ਼ਾਹ ਆਪ ਇਸ ਮਸਨੂਈ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਿਆ ਦਿੰਦੇ ਸੀ, ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪੇ ਬਖਸ਼ਦੇ ਸਨ।

ਹੋਲਾ ਮਹੱਲਾ ਭਾਵੇਂ ਤਿਉਹਾਰ ਵਾਂਗੂੰ ਮਨੋਰੰਜਨ ਦ੍ਰਿਸ਼ਾਂ ਜਾਂ ਰੁਝੇਵਿਆਂ ਪ੍ਰਤੀ ਸੰਕੇਤ ਕਰਦਾ ਪ੍ਰਤੀਤ ਹੁੰਦਾ ਹੈ ਪਰ ਇਸ ਦਾ ਅਸਲ ਰੂਪ ਗਹਿਰੀ ਸਿਆਣਪ ਅਤੇ ਦੂਰਅੰਦੇਸ਼ੀ ਦੀ ਸੂਖਮ ਸੂਝ ਦਾ ਪ੍ਰਗਟਾਵਾ ਕਰਦਾ ਹੈ। ਗੁਰੂ ਸਾਹਿਬ ਖਾਲਸੇ ਲਈ ਆਮ ਦੁਨਿਆਵੀ ਧਰਾਤਲ ਦੀ ਸਥੂਲ ਵੰਨ-ਸੁਵੰਨਤਾ ਅਤੇ ਮਨਪ੍ਰਚਾਵੇ ਵਾਲੀ ਪਰੰਪਰਾਗਤ ਰੀਤ ਨੂੰ ਨਵੇਂ ਵਿਕਾਸਮਈ ਅਤੇ ਵਿਸਮਾਦਮਈ ਮਾਹੌਲ ਵਿਚ ਸਿਰਜ ਕੇ ਇਸ ਨੂੰ ਮਨੁੱਖਤਾ ਦਾ ਨਿਰਭਉ ਅਤੇ ਨਿਰਵੈਰ ਬਾਦਸ਼ਾਹ ਬਣਾਉਣਾ ਚਾਹੁੰਦੇ ਹਨ। ਹੋਲਾ ਮਹੱਲਾ ਕੋਈ ਮਨਪ੍ਰਚਾਵੇ ਵਾਲਾ ਮੇਲਾ ਨਹੀਂ, ਇਸ ਪਿੱਛੇ ਗੁਰੂ ਪਾਤਸ਼ਾਹ ਜੀ ਦੀ ਜੋ ਸੋਚ ਸੀ ਉਸ ਬਾਰੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਡਾ ਰਤਨ ਸਿੰਘ ਜੱਗੀ ਕਹਿੰਦੇ ਹਨ ਇਹ ਅਸਲ ਵਿਚ, ਸਿੱਖ ਸੈਨਿਕਾਂ ਨੂੰ ਅਭਿਆਸ ਕਰਾਉਣ ਲਈ ਇਕ ਬਣਾਵਟੀ ਯੁੱਧ ਹੁੰਦਾ ਸੀ। ਸੈਨਿਕਾਂ ਨੂੰ ਦੋ ਦਲਾਂ ਵਿਚ ਵੰਡ ਕੇ ਇਕ ਦਲ ਨੂੰ ਸਫ਼ੈਦ ਅਤੇ ਦੂਜੇ ਨੂੰ ਕੇਸਰੀ ਬਸਤਰ ਪਾਉਣ ਲਈ ਕਿਹਾ ਜਾਂਦਾ ਸੀ। ਬਣਾਵਟੀ ਜੰਗ ਦੇ ਵੀ ਕਈ ਰੂਪ ਹੁੰਦੇ ਸਨ। ਮੁੱਖ ਤੌਰ 'ਤੇ ਦੋਹਾਂ ਦਲਾਂ ਨੂੰ ਲੋਹਗੜ੍ਹ ਉਤੇ ਕਬਜ਼ਾ ਕਰਨ ਲਈ ਪ੍ਰੇਰਿਆ ਜਾਂਦਾ ਸੀ। ਜੋ ਦਲ ਪਹਿਲਾਂ ਕਬਜ਼ਾ ਕਰਦਾ ਉਸ ਨੂੰ ਇਨਾਮ ਅਤੇ ਸਿਰੋਪੇ ਦਿੱਤੇ ਜਾਂਦੇ ਜਾਂ ਫਿਰ ਇਕ ਦਲ ਨੂੰ ਲੋਹਗੜ੍ਹ ਉਤੇ ਕਾਬਜ਼ ਦੱਸਿਆ ਜਾਂਦਾ ਅਤੇ ਦੂਜੇ ਦਲ ਵਾਲੇ ਕਾਬਜ਼ ਦਲ ਤੋਂ ਕਿਲ੍ਹਾ ਖੋਹਣ ਦਾ ਉਦਮ ਕਰਦੇ। ਜਿੱਤਣ ਵਾਲੇ ਦਲ ਨੂੰ ਖੂਬ ਇਨਾਮ ਦਿੱਤੇ ਜਾਂਦੇ। ਗੁਰੂ ਪਾਤਸ਼ਾਹ ਜੀ ਨੇ ਖਾਲਸੇ ਨੂੰ ਜਿਸ ਅਮੀਰੀ ਨਾਲ ਭਰਿਆ ਹੈ ਉਸ ਦੀ ਤੁਲਨਾਤਮ ਵੰਨਗੀ ਲੱਭਣੀ ਬਹੁਤ ਮੁਸ਼ਕਿਲ ਹੈ। ਇਸ ਬਾਰੇ ਵਿਚਾਰ ਦਾ ਕਾਰਨ ਬੜਾ ਸਪਸ਼ਟ ਹੈ ਖਾਲਸਾ ਪਰਮਾਤਮਾ ਦੀ ਮੌਜ 'ਚੋਂ ਪਰਮਾਤਮਾ ਰਾਹੀਂ ਪ੍ਰਗਟ ਹੋਇਆ ਪ੍ਰਤੱਖ ਪਰਮਾਤਮਾ ਹੀ ਹੈ।



ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਪਰਮਾਤਮਾ ਆਪਣੇ ਕਿਸੇ ਖਾਸ ਅਸੂਲ ਨੂੰ ਬੜੀ ਸੰਜੀਦਗੀ ਨਾਲ ਗੁਰੂ ਸਾਹਿਬ ਰਾਹੀਂ ਧਰਤੀ 'ਤੇ ਪ੍ਰਗਟ ਕਰ ਰਿਹਾ ਹੈ। ਧਰਤੀ ਇਬਾਦਤੀ ਅਦਬ ਵਿਚ ਪ੍ਰਭੂ ਤੇ ਇਹ ਚੋਜ, ਚੋਜੀ ਪ੍ਰੀਤਮ ਰਾਹੀਂ ਆਪਣੇ ਵਿਹੜੇ ਵਾਪਰਦੇ ਵੇਖ ਕੇ ਵਿਸਮਾਦਿਤ ਹੁੰਦੀ ਹੈ। ਬਨਸਪਤੀ, ਚੰਨ, ਸੂਰਜ, ਤਾਰੇ, ਪਹਾੜ, ਪੰਛੀ ਸਭ ਇਸ ਵਿਸਮਾਦੀ ਵਰਤਾਰੇ ਨਾਲ ਪ੍ਰਭਾਵਿਤ ਹੋਏ ਪ੍ਰਤੀਤ ਹੁੰਦੇ ਹਨ। ਬਸੰਤ ਦੇ ਆਗਮਨ ਨਾਲ ਬਨਸਪਤੀ ਮਉਲ ਉਠੀ, ਮਨ ਮਉਲਿਆ, ਸਾਰਾ ਬ੍ਰਹਿਮੰਡ ਹੀ ਆਨੰਦਿਤ ਅਤੇ ਖਿੜਿਆ ਦਿੱਸ ਆਉਂਦਾ ਹੈ। ਮਨੁੱਖੀ ਸੁਭਾਅ ਮਚਲਦਾ ਆਪਣੇ ਆਪ ਨੂੰ ਕਿਸੇ ਰੰਗ ਵਿਚ ਰੰਙਣ ਲਈ ਲਲਚਾਉਂਦਾ ਆਪਣੀ ਸੌੜੀ ਸਮਝ ਕਰਕੇ ਬਾਹਰੀ ਸ਼ੋਖ ਰੰਗਾਂ ਵਿਚ ਆਪਾ ਰੰਗ ਕੇ ਆਪਣੇ ਅੰਦਰੂਨੀ ਭਾਵ ਪ੍ਰਗਟ ਕਰਦਾ ਝੂਮਰ ਪਾਉਂਦਾ ਹੈ।

ਸਮੇਂ ਦੇ ਗੁਜ਼ਰਨ ਨਾਲ ਧਰਤੀ 'ਤੇ ਸਥਾਪਤ ਮਰਿਆਦਾਵਾਂ ਵਿਚ ਸੁਭਾਵਿਕ ਪਰਿਵਰਤਨ ਆਉਂਦਾ ਹੈ। ਉਸ ਨਾਲ ਕਈ ਵਾਰ ਅਸਲ ਧੁੰਧਲਾ ਜਾਂਦਾ ਹੈ ਤੇ ਨਕਲ ਆਪਣਾ ਨਵਾਂ ਰੂਪ ਨਵੇਂ ਤਰੀਕੇ ਨਾਲ ਪੇਸ਼ ਕਰਦੀ ਹੈ। ਚੇਤੰਨ ਕੌਮਾਂ ਨੂੰ ਆਪਣੇ ਵਿਰਸੇ ਪ੍ਰਤੀ ਵਫਾਦਾਰੀ ਵਾਸਤੇ ਨਕਲ ਤੋਂ ਸਾਵਧਾਨੀ ਲਾਜ਼ਮੀ ਹੈ। ਖਾਲਸਾ ਪੰਥ ਨੂੰ ਮੌਜੂਦਾ ਸਮੇਂ ਵਿਚ ਬੜੀ ਜਾਗਰਤੀ ਨਾਲ ਗੁਰਪੁਰਬ ਅਤੇ ਤਿਉਹਾਰ ਮਨਾਉਣ ਦਾ ਉਦਮ ਜਾਰੀ ਰੱਖਣਾ ਚਾਹੀਦਾ ਹੈ। ਗੁਰੂ ਸਾਹਿਬ ਦੀ ਬਖਸ਼ੀ ਖਾਲਿਸ ਰਹਿਨੁਮਾਈ ਨੂੰ ਖਾਲਿਸ ਰੂਪ ਵਿਚ ਹੀ ਕ੍ਰਿਆਤਮਿਕਤਾ ਦੇਣੀ ਚਾਹੀਦੀ ਹੈ। ਇਸ ਵਿੱਚੋਂ ਰੂਹਾਨੀਅਤ ਅਤੇ ਦਾਨਿਸ਼ਪੁਣਾ ਝਲਕਣਾ ਲਾਜ਼ਮੀ ਹੈ। ਖਾਲਸੇ ਨੇ ਰੱਬੀ ਸਰੂਰ ਵਿਚ ਰੰਗੀਜ ਕੇ ਸੂਰਬੀਰਤਾ ਹਾਸਲ ਕਰਨੀ ਹੈ ਅਤੇ ਆਪਣੀ ਤਾਕਤ ਨੂੰ ਸਰਬੱਤ ਦੇ ਭਲੇ ਲਈ ਖਰਚਣਾ ਆਪਣਾ ਪਰਮ ਉਦੇਸ਼ ਸਮਝਣਾ ਹੈ।

# ਇਕ ਪਿੰਡ, ਇਕ ਗੁਰਦੁਆਰਾ ਸਾਹਿਬ

## (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੁਚੱਜਾ ਉੱਦਮ)




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**




ਅੱਜ ਦੇ ਸਮੇਂ ਵਿਚ ਅਸੀਂ ਪੰਜਾਬ ਵਿਚ ਕਿਸੇ ਵੀ ਵੱਡੀ ਛੋਟੀ ਸੜਕ ਤੋਂ ਗੁਜਰਦੇ ਹੋਈਏ ਜਾਂ ਰੇਲ ਰਾਹੀਂ ਸਫ਼ਰ ਕਰ ਰਹੀਏ ਹੋਈਏ ਤਾਂ ਦੇਖਦੇ ਹਾਂ ਕਿ ਆਲੇ-ਦੁਆਲੇ ਪਿੰਡਾਂ ਵਿਚੋਂ ਹਰ ਪਿੰਡ ਵਿਚ ਤਿੰਨ ਚਾਰ ਪੰਜ ਗੁਰਦੁਆਰਾ ਸਾਹਿਬ ਦੇ ਉੱਚੇ ਗੋਲ ਗੁੰਬਦ ਅਤੇ ਨਿਸ਼ਾਨ ਸਾਹਿਬ ਲਹਿਰਾਉਂਦੇ ਨਜ਼ਰ ਆਉਂਦੇ ਹਨ। ਕਈਆਂ ਪਿੰਡਾਂ ਦੀ ਅਬਾਦੀ ਵੀ ਕੋਈ ਬਹੁਤੀ ਨਹੀਂ ਜਾਪਦੀ ਪਰ ਗੁਰਦੁਆਰਿਆਂ ਦੀ ਗਿਣਤੀ ਦਾ ਮੰਜਰ ਇਕੋ ਜਿਹਾ ਹੀ ਹੁੰਦਾ ਹੈ। ਅਸੀਂ ਸਾਰੇ ਗੁਰੂ ਨਾਨਕ ਨਾਮ ਲੇਵਾ ਸਿੱਖ ਬੜੇ ਮਾਨ ਨਾਲ ਕਹਿੰਦੇ ਹਾਂ ਕਿ ਸਾਡਾ ਧਰਮ ਬੜਾ ਸਾਫ਼-ਸੁਥਰਾ ਅਤੇ ਵਿਗਿਆਨਕ ਹੈ। ਸਮੇਂ-ਸਮੇਂ ਤੇ ਸਾਡੇ ਗੁਰੂਆਂ ਨੇ ਜੋ ਦਿਸ਼ਾ ਨਿਰਦੇਸ਼ ਦਿੱਤੇ ਅਤੇ ਮਾਰਗ ਦਰਸ਼ਨ ਕੀਤਾ ਉਸ ਮੁਤਾਬਿਕ ਹੀ ਅਸੀਂ ਆਪਣੇ ਧਰਮ ਵਿਚ ਪਰਪੱਕ ਹੁੰਦੇ ਗਏ ਹਾਂ। ਇਸ ਸਾਰੇ ਵਰਤਾਰੇ ਵਿਚ ਅਸੀਂ ਭੁੱਲ ਗਏ ਹਾਂ ਕਿ ਸਾਡੇ ਸਤਿਗੁਰਾਂ ਨੇ "ਸਭੈ ਸਾਂਝੀਵਾਲ ਸਦਾਇਣ ਕੋਈ ਨਾ ਦਿਸੈ ਬਾਹਿਰਾ ਜਿਉ" ਦਾ ਅਮੁੱਲ ਸੰਦੇਸ਼ ਵੀ ਸਾਨੂੰ ਦਿੱਤਾ ਹੈ। ਦਸਮ ਪਾਤਸ਼ਾਹਿ ਨੇ ਇਕੋ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ "ਏਕ ਪਿਤਾ ਏਕਸ ਕੇ ਹਮ ਬਾਰਿਕ" ਦੇ ਸੰਕਲਪ ਨੂੰ ਹਰ ਸਿੱਖ ਨੂੰ ਆਪਣੇ ਜੀਵਨ ਵਿਚ ਧਾਰਨ ਦਾ ਵਿਸ਼ਵਾਸ ਪੱਕਾ ਕਰਨ ਨੂੰ ਦ੍ਰਿੜ ਕਰਵਾਇਆ ਹੈ।

ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਪਿੰਡਾਂ ਵਿਚ ਬਣੇ ਬਹੁ ਗਿਣਤੀ ਅਲੱਗ-ਅਲੱਗ ਗੁਰਦੁਆਰੇ ਸਿੱਖ ਧਰਮ ਵਿਚ ਸ਼ਾਮਲ ਹੋ ਕੇ ਵੀ ਸਿੱਖਾਂ ਵੱਲੋਂ ਆਪਣੀਆਂ-ਆਪਣੀਆਂ ਮੁੱਢਲੀਆਂ ਜਾਤ ਬਰਾਦਰੀਆਂ ਨੂੰ ਨਾਂ ਭੁੱਲਣ ਜਾਂ ਨਾ ਛੱਡਣ ਕਰਕੇ ਹੀ ਜ਼ਿਆਦਾ ਹਨ। ਕੋਈ ਗੁਰਦੁਆਰੇ ਉੱਚੀ ਜਾਤੀਆਂ ਦੇ ਹਨ, ਕੋਈ ਮੰਝਲੀ ਜਾਤੀਆਂ ਦੇ ਤੇ ਕਈ ਪੱਛੜੀਆਂ ਜਾਤੀਆਂ ਦੇ ਗੁਰਦੁਆਰੇ ਪਿੰਡਾਂ ਵਿਚ ਵੱਖ-ਵੱਖ ਬਣੇ ਹੋਏ ਹਨ। ਬੜਾ ਦੁਖਦਾਈ ਵਰਤਾਰਾ ਹੈ। ਅਖੌਤੀ ਉੱਚੀਆਂ ਜਾਤੀਆਂ ਵੱਲੋਂ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਗੁਰਦੁਆਰਾ ਸਾਹਿਬ ਵਿਚ ਦਾਖਲ ਨਾ ਹੋਣ ਦੇਣਾ, ਸਿੱਖ ਧਰਮ ਦੀਆਂ ਮੁੱਢਲੀਆਂ ਮਰਿਆਦਾਵਾਂ ਦਾ ਉਲੰਘਣ ਹੈ। ਗੁਰੂ ਗ੍ਰੰਥ ਸਾਹਿਬ ਜੀ

ਵਿਚ ਸ਼ਾਮਲ ਪੰਦਰਾਂ ਭਗਤਾਂ ਦੀ ਬਾਣੀ ਵਿਚ ਛੀਂਬਾ ਨਾਮਦੇਵ ਵੀ ਹੈ, ਸਦਨਾ ਕਸਾਈ ਵੀ ਹੈ, ਸੈਣ ਨਾਈਂ ਵੀ, ਰਵਿਦਾਸ ਚਮਾਰ ਵੀ ਹੈ, ਧੰਨਾ ਕਿਸਾਨ ਜੱਟ ਵੀ ਹੈ, ਬਾਬਾ ਫਰੀਦ ਤੇ ਭੀਖਣ ਮੁਸਲਮਾਨ ਵੀ ਹਨ ਅਤੇ ਕਬੀਰ ਜੁਲਾਹਾ ਵੀ ਹੈ। ਇਸ ਤੋਂ ਬਾਅਦ ਸਿੱਖ ਲਈ ਜਾਤ ਪਾਤ ਦੀ ਸੋਚ ਕਰਨ ਦੀ ਗੁੰਜਾਇਸ਼ ਕਿਥੇ ਰਹਿ ਜਾਂਦੀ ਹੈ। ਗੁਰੂ ਸਾਹਿਬ ਵੱਲੋਂ ਇਹ ਸਾਰਾ ਉੱਦਮ ਸਾਡੇ ਵਿਚੋਂ ਜਾਤ ਪਾਤ ਦਾ ਖਿਆਲ ਮੁੱਢਲੋਂ ਹੀ ਖਤਮ ਕਰਨ ਲਈ ਹੀ ਕੀਤਾ ਸੀ।

ਭਗਤ ਨਾਮਦੇਵ ਜੋ ਕਿ ਬ੍ਰਾਹਮਣਾ ਮੁਤਾਬਿਕ ਨੀਵੀਂ ਛੀਬਾਂ ਜਾਤੀ ਨਾਲ ਸਬੰਧਿਤ ਸਨ ਨੂੰ ਉੱਚ ਜਾਤੀ ਦੇ ਬ੍ਰਾਹਮਣਾਂ ਵੱਲੋਂ ਜਦੋਂ ਇਕ ਮੰਦਿਰ ਵਿਚੋਂ ਪੂਜਾ ਕਰਨ ਤੋਂ ਰੋਕ ਦਿੱਤਾ ਗਿਆ ਸੀ ਤੇ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਸੀ। ਭਗਤ ਨਾਮ ਦੇਵ ਵੱਲੋਂ ਉਸ ਮੰਦਿਰ ਦੇ ਪਿਛਲੇ ਪਾਸੇ ਬੈਠ ਕੇ ਕ੍ਰਿਸ਼ਨ ਭਗਵਾਨ ਨਾਲ ਗਿਲਾ ਕਰਦੇ ਹੋਏ ਜਦ ਉਹਨਾਂ ਦਾ ਨੀਵੀਂ ਜਾਤੀ ਵਿਚ ਪੈਦਾ ਹੋਣ ਤੇ ਉਹਨਾਂ ਦਾ ਕਸੂਰ ਨਾ ਹੋਣ ਦਾ ਗਿਲਾ ਕੀਤਾ ਸੀ ਤਾਂ ਉੱਚ ਜਾਤੀ ਵਾਲਿਆਂ ਦਾ ਮੰਦਰ ਹੀ ਘੁੰਮ ਗਿਆ ਸੀ ਤੇ ਮੰਦਿਰ ਦਾ ਮੂੰਹ ਭਗਤ ਨਾਮਦੇਵ ਵੱਲ ਨੂੰ ਹੋ ਗਿਆ ਸੀ। ਦਾਸ ਨੂੰ ਮਹਾਰਾਸ਼ਟਰ ਦੇ ਜ਼ਿਲ੍ਹਾ ਹੰਗੋਲੀ ਦੇ ਕਸਬਾ ਔਂਡ ਵਿਖੇ ਇਸ ਮੰਦਿਰ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੈ। ਭਾਈ ਗੁਰਦਾਸ ਜੀ ਨੇ ਆਪਣੀ ਵਾਰ 25ਵੀਂ ਪਾਉੜੀ 4 ਵਿਚ ਇਸ ਘਟਨਾ ਦਾ ਜ਼ਿਕਰ ਕੀਤਾ ਹੈ –

**"ਨਾਮ ਛੀਬਾਂ ਆਖੀਐ ਗੁਰਸਿਖ**
**ਭਾਇ ਭਗਤ ਲਿਵ ਲਾਈ।**
**ਖਤ੍ਰੀ ਬ੍ਰਾਹਮਣ ਦੇਹੁਰੇ ਉਤਮ**
**ਜਾਤਿ ਕਰਨਿ ਵਡਿਆਈ।**
**ਨਾਮ ਪਕੜਿ ਉਠਾਲਿਆ ਬਹਿ**
**ਪਿਛਵਾੜੈ ਹਰਿ ਗੁਣ ਗਾਈ।**
**ਭਗਤ ਵਛਲ ਆਖਾਇਦਾ ਫੇਰਿ**
**ਦੇਹੁਰਾ ਪੈਜ ਰਖਾਈ।**
**ਦਰਗਹੁ ਮਾਣੁ ਨਿਮਾਣਿਆ**
**ਸਾਧ ਸੰਗਤਿ ਸਤਗੁਰੂ ਸਰਣਾਈ।**
**ਉਤਮ ਪਦਵੀ ਨੀਚ ਜਾਤਿ ਚਾਰੇ**
**ਵਰਣ ਪਏ ਪਗ ਆਈ**
**ਜਿਓ ਨਿਵਾਣਿ ਨੀਰ ਚਲਿ ਜਾਇ॥"**

ਅਜਿਹੀਆਂ ਇਤਿਹਾਸਕ ਘਟਨਾਵਾਂ ਦੀ ਜਾਣਕਾਰੀ ਰੱਖਦੇ ਹੋਏ ਵੀ ਅਸੀਂ ਗੁਰੂ ਦੇ ਸਿੱਖ ਅੱਜ ਵੀ ਜਾਤ-ਪਾਤ ਦੇ ਅਧਾਰ ਤੇ ਸਿੱਖਾਂ ਵਿਚ ਹੀ ਵੰਡੀਆਂ ਪਾਈਏ ਤੇ ਇਸ ਤੋਂ ਵੱਡੀ ਮਾੜੀ ਗੱਲ ਕੋਈ ਹੋ ਹੀ ਨਹੀਂ ਸਕਦੀ। ਰੋਜ਼ ਹੀ ਅਜਿਹੀਆਂ ਘਟਨਾਵਾਂ ਅੱਜ ਵੀ ਸੁਣਦੇ ਹਾਂ, ਉੱਚੀ ਜਾਤੀਆਂ ਵਾਲੇ ਨੀਵੀਆਂ ਜਾਤੀਆਂ ਵਾਲਿਆਂ ਨੂੰ ਘਰ ਵਿਚ ਪ੍ਰਕਾਸ਼ ਕਰਨ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਦੇਣ ਤੋਂ ਹੀ ਇਨਕਾਰ ਕਰ ਰਹੇ ਹਨ। ਗੁਰਦੁਆਰੇ ਦੇ ਬਰਤਨ ਆਦਿ ਦੇਣ ਤੋਂ ਇਨਕਾਰ ਕਰਦੇ ਹਨ ਤਾਂ ਅਜਿਹੇ ਵਿਚ ਤਾਂ ਆਪਣੀ ਆਸਥਾ ਦੇ ਬੰਨ ਨੂੰ ਕਾਇਮ ਰੱਖਣ ਲਈ ਇਹਨਾਂ ਨੀਵੀਆਂ ਜਾਤਾਂ ਦੇ ਸਿੱਖਾਂ ਨੂੰ ਆਪਣੇ ਗੁਰਦੁਆਰੇ ਬਨਾਉਣੇ ਪਏ ਹਨ। ਪਿੰਡ ਵਿਚ ਜੱਟ ਸਿੱਖਾਂ ਦਾ ਗੁਰਦੁਆਰਾ ਅਲੱਗ ਹੈ, ਰਾਮਗੜ੍ਹੀਆ ਦਾ ਵੱਖ, ਹਰੀਜਨਾਂ ਤੇ ਬਾਲਮੀਕਾਂ ਦਾ ਅਲੱਗ। ਗੁਰੂ ਸਭ ਦਾ ਗੁਰੂ ਗ੍ਰੰਥ ਸਾਹਿਬ ਹੈ ਤਾਂ ਫਿਰ ਪੂਜਾ ਅਸਥਾਨ ਵੱਖ-ਵੱਖ ਕਿਉਂ ਹਨ? ਬੜੀ ਗੰਭੀਰ ਸੋਚ ਦਾ ਵਿਸ਼ਾ ਹੈ।

ਮੁੱਖ ਤੌਰ ਤੇ ਤਾਂ ਜਾਤ ਪ੍ਰਣਾਲੀ ਹੀ ਵਧੇਰੇ ਗੁਰਦੁਆਰੇ ਹੋਣ ਦਾ ਮੁੱਢਲਾ ਕਾਰਨ ਹੈ। ਕਈ ਜਗ੍ਹਾ ਤੇ ਗੁਰਦੁਆਰਾ ਕਮੇਟੀਆਂ ਦੀਆਂ ਚੌਧਰਾਂ ਵੀ ਇਸ ਲਈ ਜ਼ਿੰਮੇਵਾਰ ਹਨ। ਜੇ ਇਕ ਗੁਰਦੁਆਰੇ ਵਿਚ ਪ੍ਰਧਾਨਗੀ ਨਹੀਂ ਮਿਲੀ ਤਾਂ ਲੜਾਈ ਲਈ ਬਹਾਨਾ ਬਣਾ ਕੇ ਵੱਖਰਾ ਗੁਰਦੁਆਰਾ ਬਨਾਉਣ ਲਈ ਲੋਕਾਂ ਨੂੰ ਬਰਾਦਰੀ ਜਾਂ ਕੋਈ ਹੋਰ ਨਾਅਰਾ ਮਾਰ ਕੇ ਪਿਛੇ ਲਗਾ ਕੇ ਨਵਾਂ ਤੇ ਵੱਖਰਾ ਗੁਰਦੁਆਰਾ ਬਣਾ ਲਿਆ ਜਾਂਦਾ ਹੈ।

ਕਈ ਪਿੰਡਾਂ ਵਿਚ ਅਜ਼ਾਦੀ ਦੀ ਵੰਡ ਸਮੇਂ ਮੁਸਲਮਾਨਾਂ ਦੇ ਇਹਨਾਂ ਪਿੰਡਾਂ ਵਿਚੋਂ ਉੱਠ ਕੇ ਪਾਕਿਸਤਾਨ ਚਲੇ ਜਾਣ ਕਾਰਨ ਪਿੰਡਾਂ ਵਿਚ ਉਹਨਾਂ ਦੀਆਂ ਮਸੀਤਾਂ ਖਾਲੀ ਹੋ ਜਾਣ ਕਰਕੇ ਇਹਨਾਂ ਮਸੀਤਾਂ ਨੂੰ ਸਾਫ ਕਰਕੇ ਇਹਨਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਗੁਰਦੁਆਰਾ ਸਾਹਿਬ ਸ਼ੁਰੂ ਕੀਤੇ ਗਏ। ਪਿੰਡਾਂ ਵਿਚ ਖਾਲੀ ਘਰ, ਮਕਾਨ ਤਾਂ ਨਵੇਂ ਰਫਿਊਜੀਆਂ ਨੂੰ ਅਲਾਟ ਕਰ ਦਿੱਤੇ ਗਏ ਪ੍ਰੰਤੂ ਇਹ ਖਾਲੀ ਮਸੀਤਾਂ ਜੋ ਕਿ ਕਈ ਪਿੰਡਾਂ ਵਿਚ ਇਕ ਤੋਂ ਵੱਧ ਸਨ ਅਤੇ ਖਾਲੀ ਸਨ, ਉਹਨਾਂ ਵਿਚ ਕਈ ਚੌਧਰੀਆਂ ਨੇ ਆਪਣੇ ਚੌਧਰ ਚਮਕਾਉਣ ਲਈ ਜਾਂ ਪ੍ਰਧਾਨ ਬਨਣ ਲਈ ਹੀ ਆਪਣੀ ਬਰਾਦਰੀ ਦਾ ਵੱਖ ਜਾਂ ਆਪਣੀ ਪੱਤੀ ਜਾਂ ਮੁਹੱਲੇ ਦਾ ਵੱਖਰਾ ਗੁਰਦੁਆਰਾ ਉਸਾਰਨ ਲਈ ਲੋਕਾਂ ਨੂੰ ਉਕਸਾਇਆ। ਧਰਮ ਦੇ ਨਾਮ ਤੇ ਗੁਰੂ ਦੇ ਨਾਮ ਤੇ ਲੋਕਾਂ ਨੂੰ ਮਗਰ ਲਾ ਕੇ ਇਹ ਵੱਖ-ਵੱਖ ਗੁਰਦੁਆਰੇ ਬਣਵਾਏ। ਪਹਿਲਾ ਮਸੀਤਾਂ ਵਿਚ ਸ਼ੁਰੂ ਹੋਏ ਤੇ ਬਾਅਦ ਵਿਚ ਪੱਕੀਆਂ ਇਮਾਰਤਾਂ ਤੇ ਸੰਗਮਰਮਰ ਨਾਲ ਲੱਥੋ-ਲੱਥ ਲਿਸ਼ਕਦੇ ਗੁਰਦੁਆਰੇ ਬਣ ਗਏ। ਗੁਰੂ ਦਾ ਪ੍ਰਚਾਰ ਘੱਟ ਤੇ ਆਪਣੀ ਬੱਲੇ ਬੱਲੇ ਜ਼ਿਆਦਾ।

ਇਸ ਤੋਂ ਇਲਾਵਾ ਕਈ ਜਗ੍ਹਾ ਤੇ ਸੜਕਾਂ ਦੇ ਕੰਢੇ ਨਿਹੰਗ ਸਿੰਘਾਂ ਵੱਲੋਂ ਨੀਲੇ ਚੋਲੇ ਵਾਲੇ ਨਿਸ਼ਾਨ ਸਾਹਿਬ ਲਗਾ ਕੇ ਕਾਫੀ ਗਿਣਤੀ ਵਿਚ ਗੁਰਦੁਆਰਾ ਸਾਹਿਬ ਬਣਵਾਏ ਹੋਏ ਹਨ। ਬਹੁਤੀ ਥਾਂਈ ਮਸਲਾ ਇਥੇ ਵੀ ਜਗ੍ਹਾ ਦੇ ਕਬਜ਼ੇ ਦਾ ਹੀ ਹੈ।

ਪਿਛੇ ਜਿਹੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਹਦਾਇਤ ਕੀਤੀ ਗਈ ਸੀ ਕਿ ਕਿਸੇ ਜਗ੍ਹਾ ਦੇ ਕਬਜ਼ੇ ਆਦਿ ਲਈ ਰਾਤੋ-ਰਾਤ ਇਕ ਕਮਰਾ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨੇ ਜਾਇਜ਼ ਨਹੀਂ ਹਨ ਅਤੇ ਅਜਿਹਾ ਨਾ ਕਰਨ ਦੀ ਤਾਕੀਦ ਕੀਤੀ ਗਈ ਸੀ ਜਿਸ ਦਾ ਕਾਫੀ ਅਸਰ ਦੇਖਣ ਨੂੰ ਮਿਲਿਆ ਹੈ। ਹੁਣ ਅਜਿਹਾ ਵਰਤਾਰਾ ਕਾਫੀ ਘੱਟ ਗਿਆ ਹੈ। ਨਿਹੰਗ ਸਿੰਘਾਂ ਨੂੰ ਵੀ ਸੜਕਾਂ ਦੇ ਕੰਢਿਆਂ ਤੇ ਜਾਂ ਪਿੰਡਾਂ ਵਿਚ ਵੱਖਰੇ ਗੁਰਦੁਆਰਾ ਸਾਹਿਬ ਉਸਾਰਨ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਰਜਣਾ ਚਾਹੀਦਾ ਹੈ। ਸਿਰਫ ਤੇ ਸਿਰਫ ਜਿਥੇ ਨਿਹੰਗ ਸਿੰਘਾਂ ਦੀਆਂ ਪੱਕੀਆਂ ਛਾਉਣੀਆਂ ਜਾਂ ਠਹਿਰਾਅ ਹਨ, ਉਥੇ ਹੀ ਉਹਨਾਂ ਵੱਲੋਂ ਗੁਰੂ ਘਰ ਉਸਾਰਨੇ ਚਾਹੀਦੇ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਇਹ ਅਲਾਮਤਾਂ ਖਤਮ ਕਰਨ ਲਈ ਇਕ ਪਿੰਡ, ਇਕ ਗੁਰਦੁਆਰਾ ਸਾਹਿਬ ਦੀ ਇਕ ਲਹਿਰ ਦਾ ਆਰੰਭ ਕੀਤਾ ਗਿਆ ਹੈ ਜੋ ਕਿ ਸਿੱਖ ਧਰਮ ਵਿਚੋਂ ਜਾਤ ਪਾਤ, ਉਚ-ਨੀਚ ਦੇ ਕੋਹੜ ਨੂੰ ਜਿਥੇ ਖਤਮ ਕਰੇਗੀ ਉਥੇ ਇਕ ਪਿੰਡ ਵਿਚ ਇਕੋ ਹੀ ਗੁਰਦੁਆਰਾ ਸਾਹਿਬ ਹੋਣ ਨਾਲ ਆਪਸੀ ਧੜੇਬੰਦੀ ਘਟੇਗੀ ਤੇ ਪਰਸਪਰ ਪਿਆਰ ਵਧੇਗਾ। ਗੁਰੂ ਮਹਾਰਾਜ ਦਾ ਸਤਿਕਾਰ ਅੱਗੇ ਨਾਲੋਂ ਵੀ ਵਧੇਗਾ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਖਾਲੀ ਹੋ ਰਹੇ ਗੁਰਦੁਆਰਾ ਸਾਹਿਬ ਵਿਚ ਨਗਰ, ਪਿੰਡ ਦੀ ਸਰਬ ਸਾਂਝੀ ਲਾਇਬ੍ਰੇਰੀ ਜਾਂ ਲੋਕ ਸਿਹਤ ਨਾਲ ਸਬੰਧਿਤ ਕੋਈ ਸੰਸਥਾ ਜਿਵੇਂ ਡਿਸਪੈਂਸਰੀ ਜਾਂ ਜਿਮ ਵਗੈਰਾ ਖੋਹਲ ਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਉਪਰਾਲਾ ਕਰਨਾ ਚਾਹੀਦਾ ਹੈ। ਇਸ ਲਈ ਕਮੇਟੀ ਦੇ ਸਾਲਾਨਾ ਬਜਟ ਵਿਚ ਖਾਸ ਪ੍ਰਬੰਧ ਕਰਨਾ ਚਾਹੀਦਾ ਹੈ ਜਿਸ ਨੂੰ ਵੇਖ ਕੇ ਦੂਜੇ ਪਿੰਡ ਨਗਰਾਂ ਵਿਚ ਵੀ ਉਤਸ਼ਾਹ ਜਾਗੇਗਾ ਤੇ ਸਿੱਖਾਂ ਤੇ ਸਿੱਖੀ ਦੀ ਬੜੀ ਵੱਡੀ ਸੇਵਾ ਹੋਵੇਗੀ। ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਕਾਰਜਕਾਰਨੀ ਸਮੇਤ ਸਾਰੇ ਮੈਂਬਰ ਵਧਾਈ ਦੇ ਪਾਤਰ ਹਨ। ਲੋੜ ਹੌਂਸਲੇ ਅਤੇ ਸ਼ਿੱਦਤ ਨਾਲ ਅੱਗੇ ਵਧਦੇ ਰਹਿਣ ਦੀ ਹੈ।

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਟਾਂਡਾ ਹਾਈ ਸਕੂਲ ਦੀ ਇਮਾਰਤ ਦੀ ਨੀਂਹ ਤੇ ਨੀਂਹ ਦੀ ਪੁਟਾਈ

ਹਾਈ ਸਕੂਲ ਦੀ ਇਮਾਰਤ ਦਾ ਨਕਸ਼ਾ ਗੌਰਮੈਂਟ ਨੇ ਐੱਚ ਦੀ ਸ਼ਕਲ ਦਾ ਪਾਸ ਕੀਤਾ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਸਾਰੇ ਪਿੰਡਾਂ ਵਿਚ ਇਹ ਸੂਚਨਾ ਦੇ ਦਿੱਤੀ ਕਿ ਜਿਹੜਾ ਪ੍ਰੇਮੀ ਪੰਜ ਸੌ ਰੁਪਯਾ ਦੇਵੇਗਾ ਉਸ ਦੇ ਨਾਮ ਦਾ ਕਮਰੇ ਤੇ ਪੱਥਰ ਲੁਆ ਦਿੱਤਾ ਜਾਵੇਗਾ। ਇਸ ਤਰ੍ਹਾਂ ਬਹੁਤ ਸਾਰੇ ਸਿੰਘਾਂ ਨੇ ਪੰਜ-ਪੰਜ ਸੌ ਰੁਪਯਾ ਦਿੱਤਾ। ਕਈਆਂ ਹਜ਼ਾਰ-ਹਜ਼ਾਰ ਰੁਪਯਾ ਭੀ ਦਿੱਤਾ। ਮਹਾਂਪੁਰਖਾਂ ਦੀ ਆਗਿਆ ਨਾਲ ਅੰਮ੍ਰਿਤਸਰ ਤੋਂ ਪੱਥਰ ਬਣਵਾਏ, ਜਿਨ੍ਹਾਂ ਪੱਥਰਾਂ ਦੀ ਇਬਾਰਤ ਭੀ ਦਾਸ ਨੇ ਲਿਖੀ ਅਤੇ ਬਣਵਾ ਕੇ ਭੀ ਦਾਸ ਹੀ ਲਿਆਇਆ। ਕਪਤਾਨ ਮਹਿੰਗਾ ਸਿੰਘ ਜੀ ਟਾਂਡੇ ਦੇ ਉਸ ਵਕਤ ਚੰਗੇ ਮੰਨੇ-ਪ੍ਰਮੰਨੇ ਸੱਜਣ ਸਨ। ਅਜੇ ਨੌਕਰੀ ਤੇ ਹੀ ਸਨ, ਉਹ ਛੁੱਟੀ ਆਏ, ਉਨ੍ਹਾਂ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਸਕੂਲ ਦੀ ਉਗਰਾਹੀ ਲਈ ਕਿਹਾ। ਕਪਤਾਨ ਸਾਹਿਬ ਕਹਿਣ ਲੱਗੇ-ਬਾਬਾ ਜੀ ਜੋ ਆਪ ਹੁਕਮ ਕਰੋ। ਕਹਿਣ ਲਗੇ-ਕਪਤਾਨ ਜਵਾਲਾ ਸਿੰਘ ਜੀ ਨੇ ਤਿੰਨ ਹਜ਼ਾਰ ਰੁਪਯਾ ਦਿੱਤਾ ਹੈ; ਤੁਹਾਡੇ ਪਾਸੋਂ ਸਾਢੇ ਤਿੰਨ ਹਜ਼ਾਰ ਲੈਣਾ ਹੈ। ਕਪਤਾਨ ਸਾਹਿਬ ਕਹਿਣ ਲੱਗੇ-ਬਾਬਾ ਜੀ ਮਾਇਆ ਤੇ ਆਪ ਦੀ ਦਿੱਤੀ ਹੋਈ ਹੈ, ਜੋ ਹੁਕਮ ਕਰੋ ਦਾਸ ਹਾਜ਼ਰ ਹੈ। ਇਸ ਤਰ੍ਹਾਂ ਕਪਤਾਨ ਮਹਿੰਗਾ ਸਿੰਘ ਨੇ ਇਸ ਹਾਈ ਸਕੂਲ ਲਈ ਸਾਢੇ ਤਿੰਨ ਹਜ਼ਾਰ ਰੁਪਯਾ ਦੇ ਕੇ ਮਹਾਂਪੁਰਖਾਂ ਦੀ ਮਹਾਨ ਖੁਸ਼ੀ ਹਾਸਲ ਕੀਤੀ। ਸਾਰੀ ਬਰਾਦਰੀ ਵਿਚੋਂ ਵੱਧ ਮਾਇਆ ਕਪਤਾਨ ਸਾਹਿਬ ਮਹਿੰਗਾ ਸਿੰਘ ਜੀ ਨੇ ਅਰਦਾਸ ਕਰਾਈ। ਮਹਾਂਪੁਰਖਾਂ ਨੇ ਨੀਂਹ ਰੱਖਣ ਵਾਲੇ ਦਿਨ ਸੰਗਤਾਂ ਦਾ ਭਾਰੀ ਇਕੱਠ ਕੀਤਾ। ਬਹੁਤ ਸਾਰੇ ਲੱਡੂ ਮੰਗਵਾਏ, ਅਰਦਾਸ ਕੀਤੀ, ਉਪਰੰਤ ਬੜੀ ਭਾਰੀ ਜੈਕਾਰਿਆਂ ਦੀ ਗੂੰਜ ਨਾਲ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਸਕੂਲ ਦੀ ਆਪਣੇ ਹੱਥੀਂ ਨੀਂਹ ਰੱਖੀ। ਬਾਕੀ ਨਕਸ਼ੇ ਅਨੁਸਾਰ ਆਪ ਜੀ ਨੇ ਮਹੱਲੇ ਵਾਰ ਨੀਹਾਂ ਪੁੱਟਣ ਲਈ ਵੰਡ ਕਰ ਦਿੱਤੀ। ਪਿੰਡ ਟਾਂਡੇ ਤੇ ਕਿਲ੍ਹੇ ਆਦਿ ਦੀਆਂ ਸਭ ਸੰਗਤਾਂ ਬੜੇ ਉਤਸ਼ਾਹ ਨਾਲ ਨੀਹਾਂ ਪੁੱਟਣ ਦੀ ਸੇਵਾ ਕਰਨ ਲਈ ਡਟ ਗਈਆਂ।

## ਜਮੇਦਾਰ ਨਾਨਕ ਸਿੰਘ ਜੀ ਵੱਲੋਂ ਨੀਂਹ ਨੂੰ ਰੋਕਣਾ

ਜਦੋਂ ਟਾਂਡੇ ਸਕੂਲ ਦੀ ਨੀਂਹ ਰੱਖਣ ਲੱਗੇ ਤਾਂ ਜਮੇਦਾਰ ਨਾਨਕ ਸਿੰਘ ਗੜ੍ਹੀ ਵਾਲਿਆਂ ਨੇ ਰੋਕ ਪਾ ਦਿੱਤੀ। ਕਹਿਣ ਲੱਗਾ-ਇਥੇ ਕੰਧ ਬਣਨ ਨਾਲ ਬੰਨ੍ਹੀ ਵਿਚ ਪਾਣੀ ਨਹੀਂ ਆਵੇਗਾ। ਸਾਰਿਆਂ ਬਹੁਤ ਸਮਝਾਇਆ ਪਰ ਉ ਨੇ ਕਿਸੇ ਦੀ ਗੱਲ ਨਾ ਮੰਨੀ। ਸੰਤ ਮਹਾਰਾਜ ਬੜੇ ਔਖੇ ਹੋਏ ਤੇ ਕਹਿਣ ਲੱਗੇ-ਚਲੋ ਥੋੜ੍ਹੀ ਪਿੱਛੇ ਕਰ ਲਵੋ। ਨੀਂਹ ਦੀ ਪੁਟਾਈ ਪਿੱਛੇ ਕਰ ਲਈ। ਕੁੱਝ ਦਿਨ ਪਿਛੋਂ ਜਮੇਦਾਰ ਬੀਮਾਰ ਹੋ ਗਿਆ। ਕਈ ਉਪਾਅ ਕੀਤੇ। ਅਰਾਮ ਨਾ ਆਇਆ। ਸੰਤ ਮਹਾਰਾਜ ਨੂੰ ਉਸ ਵੱਲੋਂ ਭੇਜੇ ਬੰਦੇ ਕਹਿਣ ਲੱਗੇ-ਜੀ ਜਮੇਦਾਰ ਨਾਨਕ ਸਿੰਘ ਬਹੁਤ ਬੀਮਾਰ ਹੈ ਤੇ ਆਪ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਦਾਸ ਵੀ ਨਾਲ ਸੀ। ਕਿਲ੍ਹੇ ਸੂਰਾ ਸਿੰਘ ਤੋਂ ਸਿੱਧੇ ਟਾਂਡੇ ਜਮੇਦਾਰ ਨਾਨਕ ਸਿੰਘ ਦੇ ਘਰ ਪੁੱਜੇ। ਜਮੇਦਾਰ ਨੇ ਸੰਤਾਂ ਦੇ ਚਰਨ ਫੜ ਲਏ, ਆਪਣੀ ਭੁੱਲ ਬਖਸ਼ਾਉਣ ਲਈ ਕਹਿਣ ਲੱਗਾ-ਮਾਫ਼ ਕਰ ਦਿਉ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਕੇਵਲ ਇਹ ਬਚਨ ਕੀਤਾ-ਜਮੇਦਾਰ ਜੀ, ਇਸ ਵੇਰ ਬੰਨ੍ਹੀ ਵਿਚ ਪਾਣੀ ਆ ਗਿਆ ਸੀ ਕਿ ਨਹੀਂ। ਹੱਥ ਜੋੜੇ ਕਹਿਣ ਲੱਗਾ-ਜੀ ਦਾਸ ਦੀ ਭੁੱਲ ਮਾਫ਼ ਕਰੋ। ਮਹਾਂਪੁਰਖ ਕਹਿਣ ਲੱਗੇ-ਕੋਈ ਗੱਲ ਨਹੀਂ, ਜੋ ਕੁੱਝ ਹੈ ਸਭ ਉਸ ਕਰਤਾਰ ਦੇ ਵੱਸ ਹੈ, ਕਿਸੇ ਦੇ ਵੱਸ ਕੁੱਝ ਨਹੀਂ। ਅਗਲੇ ਦਿਨ ਜਮੇਦਾਰ ਨਾਨਕ ਸਿੰਘ ਦੀ ਮੌਤ ਹੋ ਗਈ। ਉਥੇ ਕਈਆਂ ਕੋਲੋਂ ਸੁਣਿਆ ਕਿ ਜਮੇਦਾਰ ਨੂੰ ਹਮੀਰਪੁਰ, ਜੋ ਪਹਾੜ ਵਿਚ ਸੀ, ਉਥੇ ਇਕ ਸਾਧ ਰੋਡੂ ਰਾਮ ਰਹਿੰਦਾ ਸੀ, ਉਸ ਪਾਸ ਲੈ ਗਏ। ਉਸ ਨੇ ਦੇਖਦਿਆਂ ਹੀ ਕਿਹਾ ਕਿ ਮੇਰੇ ਪਾਸ ਕਾਹਦੇ ਲਈ ਲਿਆਏ ਹੋ, ਜਿਨ੍ਹਾਂ ਦੀ ਫਿਟਕ ਵੱਜੀ ਹੈ, ਉਨ੍ਹਾਂ ਪਾਸ ਲੈ ਜਾਵੋ। ਇਸ ਲਈ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਮਾਫੀ ਮੰਗਣ ਲਈ ਜਮੇਦਾਰ ਨਾਨਕ ਸਿੰਘ ਨੇ ਮੰਗਵਾਇਆ ਸੀ।

## ਸਕੂਲ ਦੀ ਇਮਾਰਤ ਲਈ ਭੱਠੇ ਦਾ ਚੜ੍ਹਾਉਣਾ ਲੱਕੜ ਵੱਢਣ ਦੀ ਹੱਥੀਂ ਸੇਵਾ

ਮਹਾਂਪੁਰਖਾਂ ਦੇਖਿਆ ਕਿ ਕੰਮ ਬਹੁਤ ਵੱਡਾ ਹੈ, ਇਸ ਲਈ ਆਪਣਾ ਭੱਠਾ ਚਾਲੂ ਕਰੀਏ। ਇਸ ਭੱਠੇ ਲਈ ਲੱਕੜ ਚਾਹੀਦੀ ਸੀ। ਆਪ ਜੀ ਨੇ ਟਾਂਡੇ ਦੀ ਸਾਰੀ ਸੰਗਤ ਨੂੰ ਕਿਹਾ ਕਿ ਭੱਠੇ ਲਈ ਲੱਕੜ ਚਾਹੀਦੀ ਹੈ, ਜਿਸ ਪਾਸ ਕੋਈ ਬੇਰੀ ਹੈ, ਕਿੱਕਰ ਹੈ, ਟਾਹਲੀ ਹੈ, ਉਹ ਇੱਕ-ਇੱਕ ਦਰੱਖ਼ਤ ਅਰਦਾਸ ਕਰਵਾਏ। ਬੜੇ ਸਿੰਘਾਂ ਨੇ ਦਰੱਖ਼ਤ ਅਰਦਾਸ ਕਰਾਏ। ਉਨ੍ਹਾਂ ਨੂੰ ਵਢਾਉਣ ਲਈ ਸੰਤ ਬਾਬਾ ਪ੍ਰੇਮ ਸਿੰਘ ਜੀ ਆਪ ਸਾਰਾ ਦਿਨ ਆਪਣੇ ਨਾਲ ਦੇ ਸਿੰਘਾਂ ਭਾਈ ਗੁਰਚਰਨ ਸਿੰਘ, ਭਾਈ ਭਾਗ ਸਿੰਘ, ਭਾਈ ਕੇਹਰ ਸਿੰਘ ਅਤੇ ਪਿੰਡ ਦੇ ਕਈ ਹੋਰ ਸਿੰਘ ਭੀ ਸਾਰਾ ਦਿਨ ਦਰੱਖ਼ਤ ਵੱਢਦੇ ਰਹਿੰਦੇ। ਇਸ ਤਰ੍ਹਾਂ ਕਈ ਦਿਨ ਬਾਦ ਦਰੱਖ਼ਤ ਵੱਢ-ਵੱਢ ਕੇ ਬਾਲਣ ਦੇ ਅੰਬਾਰ ਲੱਗ ਗਏ। ਭੱਠਾ ਚੜ੍ਹਾਇਆ। ਸ. ਮੇਲਾ ਸਿੰਘ ਸ਼ਾਹ ਭੱਠਿਆਂ ਦਾ ਕੰਮ ਕਰਦੇ ਸਨ, ਇਹ ਕੰਮ ਇਨ੍ਹਾਂ ਦੇ ਹੀ ਸਪੁਰਦ ਕੀਤਾ ਹੋਇਆ ਸੀ। ਭੱਠਾ ਚਾੜ੍ਹਿਆ, ਬੜੀਆਂ ਸੋਹਣੀਆਂ ਪੱਕੀਆਂ ਇੱਟਾਂ ਨਿਕਲੀਆਂ। ਚਿਣਾਈ ਦਾ ਕੰਮ ਸ਼ੁਰੂ ਕੀਤਾ। ਉਦੋਂ ਸੀਮਿੰਟ ਤਾਂ ਹੁੰਦਾ ਨਹੀਂ ਸੀ, ਚੂਨੇ ਦੀ ਲੋੜ ਸੀ, ਮਹਾਂਪੁਰਖਾਂ ਨੇ ਬਾਹਰੋਂ ਰੋੜ ਲਿਆਉਣ ਲਈ ਸੰਗਤਾਂ ਨੂੰ ਹੁਕਮ ਕੀਤਾ। ਮਾਈਆਂ, ਬੀਬੀਆਂ ਅਤੇ ਸਿੰਘਾਂ ਨੇ ਬਾਹਰੋਂ ਰੋੜ ਲਿਆ ਕੇ ਟਾਲ ਲਾ ਦਿੱਤੇ। ਭੱਠੀਆਂ ਚੜ੍ਹਾਈਆਂ, ਉਨ੍ਹਾਂ ਦਾ ਚੂਨਾ ਬੜਾ ਸ਼ਾਨਦਾਰ ਤਿਆਰ ਕਰਾਇਆ, ਜੋ ਡਾਟਾਂ ਆਦਿ

ਵਿਚ ਕੰਮ ਆਇਆ। ਇਹ ਚੂਨਾ ਅੱਜਕਲ੍ਹ ਦੇ ਸੀਮਿੰਟ ਨਾਲੋਂ ਵੀ ਬਹੁਤ ਮਜ਼ਬੂਤ ਸੀ। ਇਸ ਤਰ੍ਹਾਂ ਸਕੂਲ ਦੀ ਬੜੀ ਭਾਰੀ ਇਮਾਰਤ ਜਲਦੀ ਹੀ ਤਿਆਰ ਹੋ ਗਈ।

ਸਕੂਲ ਦੀ ਬਿਲਡਿੰਗ ਦੇ ਨਾਲ ਹੀ ਬਹੁਤ ਵੱਡਾ ਹੋਸਟਲ ਤਿਆਰ ਕਰਵਾਇਆ। ਚਾਰੇ ਪਾਸੇ ਕਮਰੇ, ਇੱਕ ਪਾਸੇ ਹੋਸਟਲ ਦੇ ਉੱਤੇ ਗੁਰਦੁਆਰਾ, ਜਿਸ ਗੁਰਦੁਆਰੇ ਦੀ ਇਮਾਰਤ ਦਾ ਸਾਰਾ ਖਰਚ ਡਾਕਟਰ ਫੱਗਾ ਸਿੰਘ ਜੀ ਬਜ਼ੁਰਗਵਾਲ ਵਾਲਿਆਂ ਨੇ ਦਿੱਤਾ।

ਹੋਸਟਲ ਦੇ ਗੇਟ ’ਤੇ ਭਰੜੀ ਦੇ ਇਲਾਕੇ ਦੀ ਸੰਗਤ ਦਾ ਪੱਥਰ ਲੁਆਇਆ ਅਤੇ ਗੁਰਦੁਆਰੇ ਦੀ ਸੇਵਾ ਦਾ ਪੱਥਰ ਡਾਕਟਰ ਫੱਗਾ ਸਿੰਘ ਬਜ਼ੁਰਗਵਾਲ ਵਾਲਿਆਂ ਦਾ ਲੁਆਇਆ।

# ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ



**ਮੇਜਰ ਸੰਗਤ ਸਿੰਘ ਬਾਵਾ (ਡੀ.ਈ.ਓ.) (ਰਿਟਾ.)**

## ਭਾਈ ਸੌਂਧੇ ਸ਼ਾਹ

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ’ਤੇ ਬਿਠਾ ਕੇ ਆਪ ਵਾਹਿਗੁਰੂ ਵਿਚ ਲੀਨ ਹੋ ਗਏ ਤਾਂ ਦੂਸਰੇ ਸਾਹਿਬ ਖੰਡੂਰ ਸਾਹਿਬ ਜਾ ਕੇ ਕੁਝ ਸਮਾਂ ਅਗਿਆਤਵਾਸ ਹੋ ਗਏ। ਸਿੱਖ ਸੰਗਤਾਂ ਨੇ ਬਾਬਾ ਬੁੱਢਾ ਜੀ ਨੂੰ ਦਿਵਯ-ਦ੍ਰਿਸ਼ਟੀ ਨਾਲ ਉਨ੍ਹਾਂ ਨੂੰ ਭਾਲ ਕੇ ਸਿੱਖਾਂ ਨੂੰ ਉਨ੍ਹਾਂ ਦੇ ਦਰਸ਼ਨ ਕਰਾਉਣ ਲਈ ਬੇਨਤੀ ਕੀਤੀ।

ਜਿਵੇਂ ਹੀ ਬਾਬਾ ਬੁੱਢਾ ਜੀ ਸਿੱਖ ਸੰਗਤਾਂ ਨੂੰ ਲੈ ਕੇ ਖੰਡੂਰ ਸਾਹਿਬ ਵੱਲ ਚਲੇ ਤਾਂ ਇਕ ਲੁਬਾਣਾ ਨਾਇਕ ਸੌਂਧੇ ਸ਼ਾਹ ਨੂੰ ਦੂਰ ਬੈਠੇ ਨੂੰ ਇਸ ਦੀ ਸੋਝੀ ਪੈ ਗਈ, ਜਿਸ ਦਾ ਜ਼ਿਕਰ ਭਾਈ ਵੀਰ ਸਿੰਘ ਨੇ ਹੇਠ ਲਿਖੇ ਅਨੁਸਾਰ ਕੀਤਾ ਹੈ ਕਿ ਕਿਵੇਂ ਉਨ੍ਹਾਂ ਦਾ ਗੁਰੂ ਜੀ ਦੇ ਪ੍ਰਗਟ ਹੋਣ ਦੇ ਸਮੇਂ ਲਈ ਸਿੱਖ ਸੰਗਤਾਂ ਲਈ ਰਾਸ਼ਨ ਭੇਜਿਆ ਅਤੇ ਲੰਗਰ ਲਈ ਹੋਰ ਰਾਸ਼ਨ ਲੱਦ ਕੇ ਆਪ ਵੀ ਅਗਲੇ ਦਿਨ ਲੈ ਕੇ ਪਹੁੰਚੇ।

‘ਲੁਬਾਣਿਆਂ ਦਾ ਵੱਡਾ ਸ਼ਾਹ ਏ ਨਾ ਸੌਂਧੇ ਸ਼ਾਹ, ਮੈਨੂੰ ਆਖਣ ਲੱਗਾ, ‘ਬੇਲੀਆ !... ਆਪਣਾ ਊਠ ਲੱਦ ਲੈ ਖੰਡ ਨਾਲ, ਚਾਵਲਾਂ ਨਾਲ, ਕੁਝ ਹੋਰ ਰਸਦ ਭੀ ਹੋਈ, ਥੋੜ੍ਹੀ ਇਹ ਭੀ ਰੱਖ ਲੈ। ਤੂੰ ਤਾਂ ਚੱਲ ਰਵਾਂ ਰਵੀ ਤੇ ਅਸੀਂ ਭੀ ਸਾਰੀ ਸੰਗ... ਸੰਗਤ ਮਗਰੇ ਆਉਂਦੇ ਹਾਂ, ਹੋਰ ਰਾਸ਼ਨ, ਪਾਣੀ ਨਾਲ ਲਿਆਵਾਂਗੇ ਪਰ ਅਸੀਂ ਸਾਰੇ ਜ਼ਰਾ ਦੇਰ ਨਾਲ ਪਹੁੰਚਾਂਗੇ... ਆਪਣ ਲੱਗਾ ਵੱਗ ਜਾ ਵੀਰਾ ! ਖੈਹਰਿਆਂ ਦੇ ਖਡੂਰ। ਅਟਕੀਂ ਨਾ ਕਿਤੇ ਤੇ ਛੁਪਾ ਛੁਪੀ ਜਾਵੀਂ ਜੋ ਇਹ ਚਾਵਲ, ਖੰਡ ਜਿਭ ਲੱਗ ਜਾਏ ਹਜ਼ੂਰ ਦੇ ਜ਼ਹੂਰ ਹੁੰਦੇ ਸਾਰ। ਹਾਂ ਵੀਰਾ ਮਗਰੇ ਆ ਰਹੀ ਹੈ। ਲੁਬਾਣਿਆਂ ਦੀ ਭੀੜ ਨਹੀਂ-ਨਹੀਂ ਸੰਗ... ਸੰਗਤ ਹੈ? ਡੋਗਰਾਂ ਤੋਂ ਰਿਹਾ ਹੈ ਚੋਖਾ ਸ਼ਾਹ ਸਮੇਤ। ਮੈਨੂੰ ਸ਼ਾਹ ਆਖਣ ਲੱਗਾ, ਉਥੇ ਜ਼ਹੂਰ ਹੋਣਾ ਏ ਹਜ਼ੂਰ ਦਾ। ਨਾ, ਨਾ ਵੀਰਾ ! ਮੈਂ ਭੁਲਾ ਉਸ ਆਖਿਆ, ਉਥੇ ਪ੍ਰਗਟ ਹੋਣਾ ਏ ਗੁਰੂ ਨੇ ਤੇ ਜੁੜਨਾ ਏ ਲੁਕਾਈ ਨਾ, ਵਗ ਜਾ ਮੇਰੇ ਵੀਰਾ ! ਕੋਈ ਜੀਅ ਸਾਈ ਦਾ ਭੁੱਖਾ ਨਾ ਰਹੇ ਉਥੇ ਭਾਗ ਹੋਣ ਮੇਰੇ ’ਤੇ ਕੋਈ ਦਾਨਾ ਹਜ਼ੂਰ ਦੇ ਮੂੰਹ ਵੀ ਲੱਗ ਜਾਵੇ ਪਹਿਲੋਂ।” ਭਾਈ ਵੀਰ ਸਿੰਘ ਰਚਨਾਵਾਲੀ ਜਿਲਦ ਚੌਥੀ-ਭਾਗ ਦੂਜਾ, ਪੰਨਾ 950-51

“ਅਗਲੇ ਦਿਨ ਆ ਪਹੁੰਚੀ ਲੁਬਾਣਿਆਂ ਦੀ ਸੰਗਤ, ਡੋਗਰਾਂ ਤੋਂ ਸੌਂਧੇ ਸ਼ਾਹ ਸਣੇ ਤੇ ਕਣਕ, ਚਾਵਲ, ਖੰਡ, ਰਵਾ, ਮੈਦਾ, ਘਿਓ, ਆਟਾ ਅਤੇ ਅਨੇਕ ਪਦਾਰਥ ਲੈ ਆਏ ਬੈਲਾਂ ’ਤੇ ਲੱਦੀ, ਆ ਭੇਂਟ ਕੀਤੇ ਹਜ਼ੂਰ ਦੇ। ਗਹਿਮਾ-ਗਹਿਮੀ ਹੋ ਗਈ। ਖੰਡੂਰ ਵਿਚ, ਰੌਣਕਾਂ ਲੱਗ ਗਈਆਂ। (ਪੰਨਾ 953) ਇਹ ਲਿਖਤ ਦਰਸਾਉਂਦੀ ਹੈ ਕਿ ਕਿੰਨੀ ਕ੍ਰਿਪਾ ਸੀ ਗੁਰੂ ਜੀ ਦੀ ਸੌਂਧੇ ਸ਼ਾਹ ’ਤੇ ਅਤੇ ਕਿੰਨੀ ਸ਼ਰਧਾ ਅਤੇ ਦੂਰ-ਦ੍ਰਿਸ਼ਟੀ ਸੀ ਨਾਇਕ ਸੌਂਧੇ ਸ਼ਾਹ ਦੀ।’ ਇਸ ਘਟਨਾ ਤੋਂ ਅਸਪਸ਼ਟ ਪਤਾ ਚੱਲਦਾ ਹੈ ਕਿ ਉਸ ਸਮੇਂ ਦੇ ਲੁਬਾਣੇ ਸਿੱਖੀ ਨਾਲ ਕਿੰਨਾ ਪਿਆਰ ਕਰਦੇ ਅਤੇ ਗੁਰੂ ਸਾਹਿਬ ਦੀ ਦਯਾ, ਦ੍ਰਿਸ਼ਟੀ ਨਾਲ ਉਹ ਲੰਗਰ ਦੀ ਸੇਵਾ ਲਈ ਕਿੰਨੇ ਤੱਤਪਰ ਰਹਿੰਦੇ ਸਨ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਦੇ ਹਾਲ ਲਿਖਦੇ ਐਚ.ਏ. ਰੋਜ਼ ਆਪਣੀ ਪੁਸਤ ‘ਏ ਗਲਾਬਰੀ ਆਫ਼ ਟ੍ਰਾਈਬਜ਼ ਐਂਡ ਕਾਸਟਸ ਆਫ਼ ਪੰਜਾਬ, ਭਾਗ ਪਹਿਲਾ ਪੰਨਾ 680 ’ਤੇ ਲਿਖਦਾ ਹੈ ਕਿ ਉਸ ਸਮੇਂ ਤੋਂ ਇਨ੍ਹਾਂ ਨੂੰ ਨਾਨਕ ਪੁੱਤਰ ਕਹਿਣ ਲੱਗੇ। ਇਨ੍ਹਾਂ ਨੂੰ ਬੰਦਾ ਬਹਾਦਰ ਦੇ ਸਮੇਂ ਵੀ ਬਹੁਤ ਪਵਿੱਤਰ ਸਮਝਿਆ ਜਾਂਦਾ ਅਤੇ ਟੈਕਸਾਂ ਵਿਚ ਕਈ ਰਿਆਤਿਤਾਂ ਦਿੱਤੀਆਂ ਗਈਆਂ। ਇਨ੍ਹਾਂ ਨੂੰ ਦੂਸਰੇ ਵਿਉਪਾਰੀਆਂ ਵਾਂਗ ਤੰਗ ਵੀ ਨਹੀਂ ਸੀ ਕੀਤਾ ਜਾਂਦਾ।’

## ਮੱਥੋ-ਮੁਰਾਰੀ

ਸ੍ਰੀ ਗੁਰੂ ਅਮਰ ਦਾਸ ਜੀ ਦਾ ਲੁਬਾਣਾ ਸਿੱਖਾਂ ਨਾਲ ਬਹੁਤ ਪਿਆਰ ਸੀ। ਸ੍ਰੀ ਗੋਇੰਦਵਾਲ ਸਾਹਿਬ ਉਸ ਸਮੇਂ ਦਾ ਸ਼ਾਹ ਮਾਰਗ ’ਤੇ ਸਥਿਤ ਸੀ ਅਤੇ ਲੁਬਾਣੇ ਵਿਉਪਾਰੀ ਇਥੋਂ ਜਾਂਦੇ ਉਨ੍ਹਾਂ ਦੇ ਦਰਸ਼ਨ ਕਰਦੇ, ਉਨ੍ਹਾਂ ਦੇ ਉਪਦੇਸ਼ ਗ੍ਰਹਿਣ ਕਰਦੇ, ਉਨ੍ਹਾਂ ਦੇ ਲੰਗਰ ਲਈ ਵੀ ਯਥਾ ਸ਼ਕਤੀ ਭੇਂਟਾ ਦਿੰਦੇ ਅਤੇ ਉਨ੍ਹਾਂ ਦੇ ਲੰਗਰ ਦਾ ਲੋੜ ਸਮੇਂ ਅਨੰਦ ਵੀ ਮਾਣਦੇ। ਇਨ੍ਹਾਂ ਦੇ ਸਮੇਂ ਇਕ ਪ੍ਰੇਮਾ ਨਾਂ ਦਾ ਬਾਲਕ ਦੇ ਸ਼ਾਹੂਕਾਰ ਮਾਤਾ-ਪਿਤਾ ਪ੍ਰਲੋਕ ਸੁਧਾਰ ਗਏ ਅਤੇ ਬਾਲਕ ਅਨਾਥ ਹੋ ਗਿਆ ਜਾਇਦਾਦ ਤੇ ਸ਼ਰੀਕਾਂ ਕਬਜ਼ਾ ਕਰ ਲਿਆ। ਕੁਝ ਸਮੇਂ ਬਾਅਦ ਉਹ ਭਿਆਨਕ ਰੋਗ ਨਾਲ ਗ੍ਰਸਿਆ ਗਿਆ ਅਤੇ ਉਹ ਸ੍ਰੀ ਗੋਇੰਦਵਾਲ ਸਾਹਿਬ ਜਾ ਪਹੁੰਚਿਆ, ਉਥੇ ਕਿ ਦਿਨ ਸ੍ਰੀ ਗੁਰੂ ਅਮਰਦਾਸ ਜੀ ਦੀ ਦਯਾ ਦ੍ਰਿਸ਼ਟੀ ਹੋ ਗਈ ਅਤੇ ਉਨ੍ਹਾਂ ਪ੍ਰੇਮੇ ਨੂੰ ਸੰਗਤ ਵਿਚ ਮੰਗਾ ਕੇ ਨਾ ਕੇਵਲ ਉਸ ਦਾ ਰੋਗ ਹੀ ਕੱਟ ਦਿੱਤਾ ਬਲਕਿ ਉਸ ਦਾ ਵਿਆਹ ਵੀ ਇਕ ਉਪਲ ਸਿੱਖ ਦੀ ਪੁੱਤਰੀ ਨਾਲ ਕਰਾ ਕੇ ਉਸ ਨੂੰ ਸਿੱਖੀ ਦਾਨ ਦਿੱਤਾ। ਗੁਰੂ ਜੀ

ਨੇ ਇਸ ਜੋੜੇ ਦਾ ਨਾਂ ਮੱਥੋ ਅਤੇ ਮੁਰਾਰੀ ਰੱਖ ਦਿੱਤਾ ਅਤੇ ਸਿੱਖੀ ਪ੍ਰਚਾਰ ਲਈ ਭੇਜਿਆ।

**ਮੱਥੋ-ਮੁਰਾਰੀ ਅਬ ਤੁਮ ਜਾਵਹੁ,**
**ਸਤਿਨਾਮ ਉਪਦੇਸ਼ ਦ੍ਰਿੜਾਵਹੁ।**
**ਗੁਰਸਿੱਖ ਜੱਗ ਅਧਿਕ ਬ੍ਰਿਧਾਵਹੁ,**
**ਤੇਰੈ ਵਾਕ ਫੁਰੈ ਜਿਸ ਕੈਂ।**
**ਬਰ ਕੇ ਸ਼ਾਪ ਦੇ ਜਿਸ ਚਹੈਂ,**
**ਤੇਰੀ ਭਗਤ ਪਰੀ ਅਬ ਪੂਰੀ।**
**ਪ੍ਰਾਪਤ ਭਈ ਮਹਾਂਗਤ ਤੇਰੀ।(ਭਾਈ ਵੀਰ ਸਿੰਘ)**

## ਭਾਈ ਹਸਨਾ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਇਕ ਮਹਾਨ ਸਿੱਖ ਹੋਇਆ ਹੈ ਜਿਸ ਦਾ ਨਾਂ ਭਾਈ ਹਸਨਾ ਸੀ। ਉਹ ਵੀ ਪੇਲੀਆ ਗੋਤ ਦਾ ਸੀ ਅਤੇ ਭਾਈ ਮੱਖਣ ਸ਼ਾਹ ਦੇ ਪਰਿਵਾਰ ਦਾ ਹੀ ਬਜ਼ੁਰਗ ਸੀ। ਨਾਇਕ ਭਾਈ ਬਹੋੜੂ ਸ਼ਾਹ ਦਾ ਪੁੱਤਰ ਸੀ। ਬੜਾ ਸ਼ਰਧਾਵਾਦ ਸੀ ਅਤੇ ਜਦੋਂ ਵੀ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦਾ ਲੰਗਰ ਵਾਸਤੇ ਭਾਰੀ ਰਸਦ ਲੈ ਕੇ ਆਇਆ ਕਰਦਾ ਸੀ। ਉਸ ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਬੜੇ ਸਤਿਕਾਰ ਸਹਿਤ ਬੇਨਤੀ ਕੀਤੀ ਕਿ ਉਸ ਦੀ ਸ਼ਕਰ ਲੰਗਰ ਲਈ ਸਵੀਕਾਰ ਕਰਨ ਪ੍ਰੰਤੂ ਗੁਰੂ ਜੀ ਨੇ ਕਿਹਾ ਕਿ ਖੂਹ ਵਿਚ ਸੁੱਟ ਦੇਵੋ। ਗੁਰੂ ਜੀ ਸਿੱਖ ਦੀ ਪ੍ਰੀਖਿਆ ਲੈਣਾ ਚਾਹੁੰਦੇ ਸਨ ਕਿ ਕੀ ਭਾਈ ਹਸਨਾ ਮੱਥੇ 'ਤੇ ਵੱਟ ਤਾਂ ਨਹੀਂ ਪਾਉਂਦਾ?

ਭਾਈ ਹਸਨੇ ਨੇ ਸਤਿ ਬਚਨ ਕਹਿ ਕੇ ਸ਼ਕਰ ਖੂਹ ਵਿਚ ਸੁੱਟਣ ਲਈ ਆਪਣੇ ਆਦਮੀਆਂ ਨੂੰ ਕਿਹਾ। ਗੁਰੂ ਜੀ ਨੇ ਇੱਕ ਸਿੱਖ ਭਾਈ ਹਸਨੇ ਪਿੱਛੇ ਭੇਟ ਦਿੱਤਾ ਕਿ ਉਹ ਤੁਰੰਤ ਆ ਕੇ ਦੱਸੇ ਕਿ ਭਾਈ ਹਸਨਾ ਕੀ ਸੱਚੀ-ਮੁੱਚੀ ਸ਼ੱਕਰ ਖੂਹ ਵਿਚ ਸੁੱਟਦਾ ਹੈ? ਜਿਵੇਂ ਹੀ ਭਾਈ ਹਸਨੇ ਦੇ ਆਦਮੀ ਉਥੇ ਖੂਹ ਵਿਚ ਸ਼ੱਕਰ ਸੁੱਟਣ ਲੱਗੇ। ਗੁਰੂ ਜੀ ਨੂੰ ਸਿੱਖ ਨੇ ਆ ਦੱਸਿਆ ਅਤੇ ਗੁਰੂ ਜੀ ਨੇ ਜਾ ਕੇ ਭਾਈ ਹਸਨੇ ਦੇ ਪਿੱਠ 'ਤੇ ਹੱਠ ਰੱਖ ਕੇ ਕਿਹਾ ਕਿ ਭਾਈ ਹਸਨੇ ਤੇਰੀ ਸੇਵਾ ਪ੍ਰਵਾਨ ਹੋਈ ਹੈ। ਗੁਰੂ ਜੀ ਨੇ ਉਸ ਤੋਂ ਇਹ ਸ਼ੱਕਰ ਲੰਗਰ ਵਿਚ ਸੁਟਵਾ ਲਈ ਅਤੇ ਕਿਹਾ ਭਾਈ ਹਸਨੇ ਸ਼ਾਹ ਮੰਗ ਕੀ ਮੰਗਦਾ ਹੈਂ"। ਭਾਈ ਹਸਨੇ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਬੇਨਤੀ ਕੀਤੀ ਕਿ ਉਨ੍ਹਾਂ ਦੀ ਉਸ 'ਤੇ ਪਹਿਲਾਂ ਹੀ ਬੜੀ ਕ੍ਰਿਪਾ ਸੀ। ਜੇ ਤਰੁਟੇ ਹੋ ਤਾਂ ਸਿੱਖੀ ਦਾਨ ਬਖਸ਼ੋ'॥

ਸਿੰਘ ਸਾਹਿਬ ਗਿਆਨੀ ਚੇਤ ਸਿੰਘ ਲਿਖਦੇ ਹਨ ਕਿ ਉਹ ਸਾਰੀ ਸ਼ੱਕਰ ਵਾਕਈ ਖੂਹੀ ਵਿਚ ਸੁੱਟ ਦਿੱਤੀ। ਗੁਰੂ ਜੀ ਨੇ ਉਸ ਨੂੰ ਕਿਹਾ, "ਉਸ ਦੀ ਭੇਟ ਪ੍ਰਵਾਨ ਹੋ ਗਈ ਹੈ ਤੇ ਨਾਲ ਹੀ ਇਹ ਬਚਨ ਕੀਤਾ ਕਿ ਜੋ ਕੋਈ ਸਿੱਖ ਸ੍ਰੀ ਅੰਮ੍ਰਿਤਸਰ ਸਰੋਵਰ ਵਿਚ ਹੀ ਸ਼ਰਧਾ ਨਾਲ ਇਸ਼ਨਾਨ ਕਰਨ ਲਈ ਆਵੇਗਾ, ਉਹ ਪਹਿਲੇ ਇਸ ਖੂਹੀ 'ਤੇ ਇਨਾਨ ਕਰੇਗਾ, ਫਿਰ ਸ੍ਰੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰੇਗਾ, ਉਸ ਦੀਆਂ ਮਨੋਕਾਮਨਾ ਪੂਰੀਆਂ ਹੋਣਗੀਆਂ। ਇਹ ਖੂਹੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਦੱਖਣ ਵਿਚ 'ਸ਼ਕਰੀ ਖੂਹੀ' ਕਰਕੇ ਪ੍ਰਸਿੱਧ ਹੈ। ਕਮੇਟੀ ਨੇਹੁਣ ਇਸ ਖੂਹੀ 'ਤੇ ਮੋਟਰ ਲੁਆ ਦਿੱਤੀ ਹੈ ਅਤੇ ਇਸ 'ਤੇ ਹੁਣ ਕਮਰਾ ਬਣਿਆ ਹੋਇਆ ਹੈ।"

ਗੁਰੂ ਅਰਜਨ ਦੇਵ ਜੀ ਸਮੇਂ ਸਿੱਖ ਆਪਣਾ ਦਸਵੰਧ ਗੁਰੂ ਘਰ ਨੂੰ ਬਕਾਇਦਾ ਭੇਜਣ ਲੱਗੇ ਅਤੇ ਇਨ੍ਹਾਂ ਸਿੱਖਾਂ ਵਿਚ ਲੁਬਾਣੇ ਨਾਇਕ ਅਤੇ ਵਣਜਾਰੇ ਪੂਰੀ ਸ਼ਰਧਾ ਨਾਲ ਇਹ ਦਸਵੰਧ ਭੇਜਦੇ ਸਨ। ਗੁਰੂ ਜੀ ਨੇ ਵਿਉਪਾਰ ਨੂੰ ਬਹੁਤ ਉਤਸ਼ਾਹਿਤ ਕੀਤਾ। ਪਹਿਲਾਂ ਇਹ ਵਿਉਪਾਰੀ ਕੇਵਲ ਜਿਨਸਾਂ ਦਾ ਹੀ ਵਿਉਪਾਰ ਕਰਦੇ ਸੀ ਪ੍ਰੰਤੂ ਗੁਰੂ ਜੀ ਨੇ ਇਨ੍ਹਾਂ ਨੂੰ ਘੋੜਿਆਂ ਦੇ ਵਪਾਰ ਲਈ ਪ੍ਰੇਰਿਆ। ਇਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਵੀ ਭਾਈ ਭਾਗੀਰਥ ਘੋੜਿਆਂ ਦੇ ਵਪਾਰ ਲਈ ਲੰਕਾ ਗਿਆ ਸੀ। ਇਸ ਨਾਲ ਦੋ ਲਾਭ ਹੋਏ ਇਕ ਤਾਂ ਸਿੱਖਾਂ ਦੀ ਘੋੜਿਆਂ ਸਬੰਧੀ ਜਾਣਕਾਰੀ ਵਧੀ ਅਤੇ ਲਾਭ ਵੀ ਵਧੇਰੇ ਹੁੰਦਾ। ਦੂਸਰਾ ਆਉਣ ਵਾਲੇ ਸਮੇਂ (ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ) ਸਿੱਖਾਂ ਨੂੰ ਸ਼ਸਤਰ ਵਿੱਦਿਆ, ਘੋੜ ਸਵਾਰੀ ਅਤੇ ਜੋਧਿਆਂ ਵਾਲੇ ਕਰਤੱਵਾਂ ਵੱਲ ਪਿਆਰ ਵਧਿਆ। ਇਸ ਸਮੇਂ ਅੰਮ੍ਰਿਤਸਰ ਨੇੜੇ ਦੋ ਲੁਬਾਣਾ ਪਿੰਡ ਵੀ ਵਸੇ ਲੱਗਦੇ ਹਨ ਜਿਨ੍ਹਾਂ ਵਿਚੋਂ ਇਕ ਦਬੁਰਜੀ ਹੈ ਜੋ ਹੁਣ ਅੰਮ੍ਰਿਤਸਰ ਦੀ ਹੱਦ ਵਿਚ ਆ ਗਿਆ ਹੈ ਅਤੇ ਦੂਸਰਾ ਪੰਡੋਰੀ ਲੁਬਾਣਾ ਜੋ ਅੰਮ੍ਰਿਤਸਰ ਦੇ ਉੱਤਰ ਵੱਲ ਹੈ। ਇਥੇ ਗੁਰੂ ਦਰਸ਼ਨਾਂ ਲਈ ਆਏ ਵਪਾਰੀ ਠਹਿਰਦੇ।

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

1. **ਗੁਰਪੁਰਬ ਮਨਾਉਣਾ**: ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਨਵੰਬਰ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਰਿਹਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਅਤੇ ਸ਼ਬਦ ਕੀਰਤਨ ਉਪਰੰਤ ਗੁਰੂ ਜੀ ਦਾ ਲੰਗਰ ਅਤੁੱਟ ਵਰਤਾਇਆ ਜਾਂਦਾ ਸੀ। ਰਾਤ ਨੂੰ ਕਾਲਜ ਕੰਪਲੈਕਸ ਵਿੱਚ ਦੀਪ ਮਾਲਾ ਕੀਤੀ ਜਾਂਦੀ। ਇਸ ਤੋਂ ਪਹਿਲਾਂ ਇਲਾਕੇ ਦੇ ਹਾਈ ਸਕੂਲਾਂ ਦਾ ਕਬੱਡੀ ਅਤੇ ਵਾਲੀ ਬਾਲ ਦਾ ਗੁਰਪੁਰਬ ਟੂਰਨਾਮੈਂਟ ਕਰਵਾਇਆ ਜਾਂਦਾ। ਦੋ ਰੰਨਿੰਗ ਸ਼ੀਲਡਾਂ ਨਡਾਲਾ ਦੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਅਤੇ ਰਾਮਗੜ੍ਹੀਆ ਗੁਰਦੁਆਰਾ ਸਾਹਿਬ ਵੱਲੋਂ ਪ੍ਰਦਾਨ ਕੀਤੀਆਂ ਗਈਆਂ ਸਨ।

2. **ਕਾਲਜ ਮੈਗਜ਼ੀਨ ਚਾਤ੍ਰਿਕ** : ਕਾਲਜ ਮੈਗਜ਼ੀਨ ਚਾਤ੍ਰਿਕ ਦਾ ਉਦਘਾਟਨ 1971-72 ਦੇ ਇਨਾਮ ਵੰਡ ਸਮਾਗਮ ਵੇਲੇ 26 ਮਾਰਚ, 1972 ਨੂੰ ਮੁੱਖ ਮਹਿਮਾਨ ਡਾ. ਜਗਤਾਰ ਸਿੰਘ ਗਰੇਵਾਲ, ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕੀਤਾ ਗਿਆ। ਇਸ ਪਰਚੇ ਦੇ ਨਾਂ ਦੀ ਚੋਣ ਬੜੀ ਆਕਰਸ਼ਕ ਅਤੇ ਢੁੱਕਵੀਂ ਹੈ। ਵਿਦਿਆਰਥੀ ਵੀ ਇਕ ਚਾਤ੍ਰਿਕ ਦੀ ਨਿਆਈਂ ਵਿਦਿਆ ਰੂਪੀ ਸਵਾਂਤ ਬੂੰਦ ਕਾਲਜ ਵਿੱਚੋਂ ਪ੍ਰਾਪਤ ਕਰਕੇ ਆਪਣੀ ਗਿਆਨ ਪਿਆਸ ਨੂੰ ਤ੍ਰਿਪਤ ਕਰਦਾ ਹੈ। ਉਹ ਕੁਝ ਪੜ੍ਹ ਲਿਖ ਕੇ ਹੀ ਆਪਣੀ ਸ਼ਖ਼ਸੀਅਤ, ਪ੍ਰਤਿਭਾ ਅਤੇ ਗਿਆਨ ਨੂੰ ਵਿਗਸਾ ਸਕਦਾ ਹੈ। ਇਸ ਅਵਸਰ ਤੇ ਸ਼ੁਭ ਇਛਾਵਾਂ ਭੇਜਣ ਵਾਲਿਆਂ ਵਿੱਚ ਰਾਸ਼ਟਰਪਤੀ ਵੀ.ਵੀ. ਗਿਰੀ, ਵਿਦੇਸ਼ ਮੰਤਰੀ ਸ. ਸਵਰਨ ਸਿੰਘ, ਗਵਰਨਰ ਪੰਜਾਬ ਡੀ.ਸੀ. ਪਾਵਟੇ, ਸਿੱਖਿਆ ਸੈਕਟਰੀ ਪੀ.ਐਚ.ਵੈਸ਼ਨਵ, ਸ. ਬਿਸਨ ਸਿੰਘ ਸਮੁੰਦਰੀ ਉਪ ਕੁਲਪਤੀ ਅਤੇ ਭਰਪੂਰ ਸਿੰਘ ਰਜਿਸਟਰਾਰ ਦੇ ਨਾਮ ਵਰਨਣਯੋਗ ਹਨ।

3. **ਯੂ.ਜੀ.ਸੀ. ਅਤੇ ਸਰਕਾਰੀ ਗਰਾਂਟਾਂ** : ਇਹ ਬੜੇ ਮਾਣ ਵਾਲੀ ਗੱਲ ਸੀ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਨਵੇਂ ਖੁੱਲ੍ਹੇ ਕਾਲਜਾਂ ਵਿੱਚੋਂ ਇਹ ਇੱਕੋ ਇਕ ਕਾਲਜ ਸੀ ਜੋ ਮਾਰਚ, 1972 ਤੱਕ ਯੂਨੀਵਰਸਿਟੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਉਪਰੰਤ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੀ ਦੋ ਐਫ ਲਿਸਟ ਤੇ ਰੱਖਿਆ ਗਿਆ ਸੀ ਅਤੇ ਉਸੇ ਸਾਲ ਤੋਂ ਪੰਜਾਬ ਸਰਕਾਰ ਦੀ ਮੇਂਟੀਨੈਂਸ ਗਰਾਂਟ ਵੀ ਮਿਲਣੀ ਸ਼ੁਰੂ ਹੋ ਗਈ। 1973 ਦੇ ਇਨਾਮ ਵੰਡ ਸਮਾਗਮ ਤੇ ਮੁੱਖ ਮਹਿਮਾਨ ਸ. ਉਮਰਾਉ ਸਿੰਘ ਸਿੱਖਿਆ ਮੰਤਰੀ ਪੰਜਾਬ ਤੀਹ ਹਜ਼ਾਰ ਰੁਪਏ ਗਰਾਂਟ ਵਜੋਂ ਕਾਲਜ ਨੂੰ ਦੇ ਗਏ ਸਨ।

**ਸਟੇਡੀਅਮ ਗਰਾਂਟ** : ਪੰਜਾਬ ਸਰਕਾਰ ਵੱਲੋਂ ਕਾਲਜ ਦੇ ਕੈਂਪਸ ਵਿਖੇ ਖੇਡ ਸਟੇਡੀਅਮ ਦੀ ਉਸਾਰੀ ਲਈ ਢਾਈ ਲੱਖ ਰੁਪਏ ਦੀ ਗਰਾਂਟ ਵੀ ਮਨਜ਼ੂਰ ਕੀਤੀ ਗਈ। ਜਿਸ ਨਾਲ ਇਲਾਕੇ ਵਿੱਚ ਖੇਡਾਂ ਨੂੰ ਬੜਾ ਉਤਸ਼ਾਹ ਮਿਲੇਗਾ।

4. **ਯੂਨੀਵਰਸਿਟੀ ਇਮਤਿਹਾਨਾਂ ਦੇ ਰਿਜ਼ਲਟ** : ਇਨ੍ਹਾਂ ਇਮਤਹਾਨਾਂ ਵਿੱਚ ਸ਼ੁਰੂ ਤੋਂ ਹੀ ਕਾਲਜ ਵਿਦਿਆਰਥੀ ਮੱਲਾਂ ਮਾਰਦੇ ਰਹੇ। ਪਹਿਲੇ ਸਾਲ ਹੀ ਦੋ ਵਿਦਿਆਰਥੀ ਇਕ ਇਮਤਿਹਾਨ ਦੀ ਮੈਰਿਟ ਲਿਸਟ ਤੇ ਆ ਗਏ ਸਨ।

5. **ਕਾਲਜ ਖੇਡਾਂ** : (ੳ) ਸ਼ੁਰੂ ਵਿੱਚ ਹੀ ਕਾਲਜ ਕਬੱਡੀ ਟੀਮ ਨੇ ਜ਼ੋਨਲ ਜਿੱਤਿਆ। ਤਿੰਨ ਖਿਡਾਰੀ ਯੂਨੀਵਰਸਿਟੀ ਅਤੇ ਪੰਜਾਬ ਸਟੇਟ ਦੀਆਂ ਟੀਮਾਂ ਵਿੱਚ ਖੇਡੇ ਅਤੇ ਮੈਡਲ ਜਿੱਤੇ। ਯੂਨੀਵਰਸਿਟੀ ਟੂਰਨਾਮੈਂਟ ਵਿੱਚ ਵੀ ਜਿੱਤਾਂ ਪ੍ਰਾਪਤ ਕੀਤੀਆਂ। ਬਾਅਦ ਵਿੱਚ ਕਬੱਡੀ ਟੀਮ ਯੂਨੀਵਰਸਿਟੀ ਚੈਂਪੀਅਨ ਵੀ ਰਹੀ। ਤਿੰਨ ਖਿਡਾਰੀ ਪੰਜਾਬ ਪੁਲਿਸ ਵਿੱਚ ਡੀਐਸਪੀ ਸਿਲੈਕਟ ਹੋਏ। ਸਾਲ 1974-75 ਲਈ ਗੁਰੂ ਨਾਨਕ ਯੂਨੀਵਰਸਿਟੀ ਕੱਬਡੀ ਕਲੱਬ ਦਾ ਪ੍ਰਧਾਨ ਨਾਮਜ਼ਦ ਕਰਕੇ ਦਾਸ ਨੂੰ ਸਨਮਾਨਿਤ ਕੀਤਾ ਗਿਆ।

(ਅ) ਕਾਲਜ ਅਥਲੀਟਾਂ ਨੇ ਅੰਤਰ ਯੂਨੀਵਰਸਿਟੀ ਮੈਚਾਂ ਵਿੱਚ ਮੈਡਲ ਜਿੱਤੇ।

ਯੂਨੀਵਰਸਿਟੀ ਟੂਰਨਾਮੈਂਟ ਵਿੱਚ ਗੋਲਡ ਮੈਡਲ ਜਿੱਤੇ ਅਤੇ ਯੂਨੀਵਰਸਿਟੀ ਵਿਚ ਨਵੇਂ ਰਿਕਾਰਡ ਕਾਇਮ ਕੀਤੇ।

(ੲ) ਮੇਰੀ ਬੇਟੀ ਬਰਿੰਦਰ ਕੌਰ 1971-72 ਤੋਂ ਤਿੰਨ ਸਾਲ ਕੁੜੀਆਂ ਵਿਚੋਂ ਕਾਲਜ ਬੈਸਟ ਅਥਲੀਟ ਰਹੀ।

6. **ਐਨ.ਸੀ.ਸੀ.**: ਕਾਲਜ ਵਿੱਚ ਹਰ ਸਾਲ ਯੂਨੀਵਰਸਿਟੀ ਵੱਲੋਂ ਐਨ.ਸੀ.ਸੀ. ਦਿਨ ਮਨਾਇਆ ਜਾਂਦਾ।

ਪਹਿਲੇ ਸਾਲ ਹੀ 55 ਕੈਡਿਟ ਬੀ ਸਰਟੀਫਿਕੇਟ ਟੈਸਟ ਵਿੱਚ ਅਪੀਅਰ ਹੋਏ।

7. **ਸਨਮਾਨ ਚਿੰਨ** : ਤਿੰਨ ਸਾਲਾ ਡੈਪੂਟੇਸ਼ਨ ਕਾਲ ਦੇ ਸਮਾਪਤ ਹੋਣ ਤੇ ਕਾਲਜ ਨੂੰ ਹਰ ਖੇਤਰ ਵਿੱਚ ਚੜ੍ਹਦੀ ਕਲਾ ਤੇ ਗਾਮਜ਼ਨ ਹੋਏ ਦੇਖਦਿਆਂ ਵਾਪਿਸ ਪੰਜਾਬ ਗੌਰਮਿੰਟ ਕਾਲਜ ਵਿਖੇ ਜਾਣ ਤੇ ਕਾਲਜ ਮੈਨੇਜਿੰਗ ਕਮੇਟੀ ਵੱਲੋਂ ਵਿਸ਼ੇਸ਼ ਇਕਤਰਤਾ ਵਿੱਚ ਉੱਘੀ ਕਾਲਜ ਸੇਵਾ ਨਿਭਾਉਣ ਲਈ ਚਾਂਦੀ ਦੀ ਤਸ਼ਤਰੀ ਸਨਮਾਨ ਚਿੰਨ੍ਹ ਵਜੋਂ ਪ੍ਰਦਾਨ ਕਰਕੇ ਵਿਦਾ ਕੀਤਾ ਗਿਆ।

**ਕਿਰਤ ਕਰੋ, ਨਾਮ ਜਪੋ, ਵੰਡ ਛਕੋ।**

# ਫਰਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



ਸ. ਗੁਰਚਰਨ ਸਿੰਘ,
ਸੀਨੀਅਰ ਵਾਇਸ ਪ੍ਰਧਾਨ

**ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ,**

**।। ਵਾਹਿਗੁਰੂ ਜੀ ਕਾ ਖਾਲਸਾ।।**

**।। ਵਾਹਿਗੁਰੂ ਜੀ ਕੀ ਫਤਹਿ।।**

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਫਰਵਰੀ ਮਹੀਨੇ ਦੌਰਾਨ ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ ਜੋ ਕਿ ਵਿੱਤ ਸਕੱਤਰ ਲੈਕਚਰਾਰ (ਰਿਟਾ.) ਗੁਲਸ਼ਨ ਕੁਮਾਰ ਸਿੰਘ ਵੱਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਅਨੁਸਾਰ ਹੈ –

ਫਰਵਰੀ ਮਹੀਨੇ ਵਿਚ ਕੁੱਲ ਆਮਦਨ = 4,55,761.00 ਰੁਪਏ

ਫਰਵਰੀ ਮਹੀਨੇ ਵਿਚ ਕੁੱਲ ਖਰਚ = 3,21,156.00 ਰੁਪਏ

2. **ਲੇਖਾ ਸਿਸਟਮ ਨੂੰ ਕੰਪਿਊਟਰਾਈਜ਼ ਕਰਨ ਲਈ - "ਟੈਲੀ ਪ੍ਰਾਈਮ ਪ੍ਰੋ."** ਜੋ ਅਪਡੇਟ ਕੀਤਾ ਜਾ ਚੁੱਕਾ ਹੈ ਇਸ ਦੀ ਅਮਲੀ ਕਾਰਵਾਈ ਹਿਸਾਬ ਨਾਲ ਮੇਲ ਕੇ ਅੱਗੇ ਵਧਾਇਆ ਜਾ ਰਿਹਾ ਹੈ ਅਤੇ ਕੁਝ ਊਣਤਾਈਆਂ ਅਕਾਊਂਟ ਮੈਨੇਜਰ ਸਰਦਾਰ ਮਨਪ੍ਰੀਤ ਸਿੰਘ ਠੀਕ ਤਰੀਕੇ ਨਾਲ ਕਰ ਰਹੇ ਹਨ। ਜਿਸ ਵਿਚ ਸ. ਗੁਰਚਰਨ ਸਿੰਘ ਸੀਨੀਅਰ ਮੀਤ ਪ੍ਰਧਾਨ (ਹੈਡ. ਕੁ.) ਸਹਿਯੋਗ ਦੇ ਕੇ ਠੀਕ ਕਰਵਾ ਰਹੇ ਹਨ। ਸ. ਗੁਲਸ਼ਨ ਕੁਮਾਰ ਸਿੰਘ ਵਿੱਤ ਸਕੱਤਰ ਵੀ ਇਸ ਦੀ ਨਜ਼ਰਸਾਨੀ ਕਰ ਰਹੇ ਹਨ। ਉਮੀਦ ਹੈ ਕਿ ਵਿੱਤੀ ਸਾਲ 2022-23 ਦੀ ਰਿਟਰਨ ਕੰਪਿਊਟਰਾਈਜ਼ਡ ਟੈਲੀ ਸਿਸਟਮ ਨਾਲ ਕੀਤੀ ਜਾਵੇਗੀ।

ਅਕਾਊਂਟ ਦੇ ਕੰਮ ਵਿਚ ਆਨਲਾਈਨ ਸੇਵਾਵਾਂ ਸੰਬੰਧੀ ਸਹੀ ਨੈੱਟ ਨੂੰ ਲਾਉਣ, ਚਲਾਉਣ ਦੀ ਜ਼ਰੂਰਤ ਹੈ ਜਿਸ ਲਈ ਵਾਈਫਾਈ 100 ਐਮ.ਬੀ. ਦਾ ਛੇਤੀ ਲੁਆਉਣ ਲਈ ਕੁਨੇਕਸ਼ਨ ਲਿਆ ਜਾਵੇਗਾ ਤਾਂ ਜੋ ਭਵਨ ਏਰੀਆ ਕਵਰ ਹੋ ਸਕੇ।

3. **ਵਜ਼ੀਫ਼ੇ ਦੀ ਵੰਡ ਸੰਬੰਧੀ** - ਜਿਵੇਂ ਕਿ ਪਿਛਲੇ ਫਰਵਰੀ ਮਹੀਨੇ ਦੇ ਅੰਕ ਵਿਚ ਦੱਸਿਆ ਗਿਆ ਸੀ ਕਿ 16 ਲੋੜਵੰਦ ਵਿਦਿਆਰਥੀਆਂ ਨੂੰ 1,32,000/- ਵਜ਼ੀਫ਼ਿਆਂ ਦੀ ਅਦਾਇਗੀ ਕੀਤੀ ਗਈ ਹੈ। ਹੋਰ ਛੇ (6) ਬਿਨੈ ਪੱਤਰ ਪ੍ਰਾਪਤ ਹੋਏ ਹਨ। ਇਨ੍ਹਾਂ ਦੀ ਘੋਖ ਵਗੈਰਾ ਕਰਕੇ ਕਨਵੀਨਰ ਸ. ਨਰਿੰਦਰ ਸਿੰਘ ਜੀ, ਪੀ.ਈ.ਐਸ. (ਰਿਟਾ.) ਜਲਦੀ ਹੀ ਵਜ਼ੀਫ਼ੇ ਦੇਣ ਨੂੰ ਅਮਲੀ ਰੂਪ ਦੇ ਦੇਣਗੇ। ਇਸ ਤਰ੍ਹਾਂ ਵਿੱਤੀ ਸਾਲ 2022-23 ਵਿਚ ਦੇਣ ਯੋਗ ਵਜ਼ੀਫ਼ਿਆਂ ਦੀ ਪ੍ਰਕਿਰਿਆ ਮੁਕੰਮਲ ਹੋ ਜਾਵੇਗੀ।

4. **ਲੁਬਾਣਾ ਸੇਵਕ ਮੈਗਜ਼ੀਨ ਬਾਰੇ** - ਲੁਬਾਣਾ ਸੇਵਕ ਮੈਗਜ਼ੀਨ ਲਗਾਤਾਰ ਹਰ ਮਹੀਨੇ ਪ੍ਰਕਾਸ਼ਿਤ ਹੋ ਰਿਹਾ ਹੈ। ਜਿਸ ਵਿਚ ਧਾਰਮਿਕ, ਸਮਾਜਿਕ ਅਤੇ ਫਾਊਂਡੇਸ਼ਨ ਦੀ ਕਾਰਗੁਜ਼ਾਰੀ ਸੰਬੰਧੀ ਵੇਰਵਾ ਜਾਣਕਾਰੀ ਹਿੱਤ ਦਿੱਤਾ ਜਾਂਦਾ ਹੈ। ਲੁਬਾਣਾ ਸੇਵਕ ਮੈਗਜ਼ੀਨ ਨੂੰ ਜਨਵਰੀ 2023 ਤੱਕ ਵੈੱਬ ਸਾਈਟ ਤੇ ਅਪਲੋਡ ਕਰ ਦਿੱਤਾ ਗਿਆ ਹੈ। ਸੋ ਜਨਵਰੀ, 2023 ਤੱਕ ਸਾਰੇ ਅੰਕ ਚਾਹਵਾਨ ਸੱਜਣ ਅਤੇ ਫਾਊਂਡੇਸ਼ਨ ਦੇ ਮੈਂਬਰ ਪੜ੍ਹ ਕੇ ਲਾਭ ਉਠਾ ਸਕਦੇ ਹਨ। ਫਰਵਰੀ ਮਹੀਨਾ 2023 ਦਾ ਅੰਕ ਵੀ ਵੈੱਬ ਸਾਈਟ ਤੇ ਛੇਤੀ ਹੀ ਅਪਲੋਡ ਕਰ ਦਿੱਤਾ ਜਾਵੇਗਾ। ਲੁਬਾਣਾ ਸੇਵਕ ਦੀ ਸਾਈਟ lobanafoundation@gmail.com ਹੈ।

5. **ਭਾਈ ਮਨੀ ਸਿੰਘ ਬਲਾਕ ਦੀ ਫਾਇਰ ਫਾਈਟਿੰਗ ਦੀ ਐਨ.ਓ.ਸੀ. ਬਾਰੇ** - ਇੰਜ. ਹਰਦੇਵ ਸਿੰਘ ਸੀਨੀਅਰ ਮੈਂਟੀਨੈਂਸ ਇੰਜ: ਇਸ ਕੰਮ ਨੂੰ ਕਰਵਾ ਰਹੇ ਹਨ। ਸ੍ਰੀ ਗਜਿੰਦਰ ਕੁਮਾਰ ਕਾਰਜਕਾਰਨੀ ਮੈਂਬਰ ਜੋ ਕਿ ਫਾਇਰ ਫਾਈਟਿੰਗ ਦੇ ਕੰਮਕਾਰ ਕਰਦੇ ਹਨ ਵੱਲੋਂ

ਕੋਈ ਖਾਸ ਸਹਿਯੋਗ ਨਹੀਂ ਦਿੱਤਾ ਗਿਆ। ਫਿਰ ਵੀ ਇੰਜ. ਹਰਦੇਵ ਸਿੰਘ ਜੀ ਇਹ ਕੰਮ ਕਰਵਾ ਰਹੇ ਹਨ। ਪ੍ਰੰਤੂ ਇਸ ਸੰਬੰਧੀ ਐਨ.ਓ.ਸੀ. ਵਿਚ ਕਾਫੀ ਦੇਰੀ ਹੋ ਰਹੀ ਹੈ।ਉਮੀਦ ਹੈ ਕਿ ਇੰਜ. ਹਰਦੇਵ ਸਿੰਘ ਜੀ ਆਪਣੀ ਸੂਝ-ਬੂਝ ਨਾਲ ਐਨ.ਓ.ਸੀ. ਲੈਣ ਨੂੰ ਨੇਪਰੇ ਛੇਤੀ ਚਾੜ੍ਹ ਦੇਣਗੇ।

6. **ਫਲਗੁਣਿ ਮਹੀਨੇ ਦੀ ਸੰਗਰਾਂਦ ਬਾਰੇ -** ਮਿਤੀ 13-02-2023 ਨੂੰ ਗੁਰੂ ਘਰ ਵਿਖੇ ਫਾਊਂਡੇਸ਼ਨ ਦੇ ਭਵਨ ਵਿਚ 11.30 ਵਜੇ ਤਕਰੀਬਨ ਮਹਲਾ 9 ਦੇ ਸਲੋਕ ਉਚਾਰਨ ਉਪਰੰਤ 12.00 ਵਜੇ ਤੋਂ 1.00 ਵਜੇ ਦੁਪਹਿਰ ਸੰਗਰਾਂਦ ਸ਼ਬਦ ਕੀਰਤਨ ਕਰਵਾ ਕੇ ਮਨਾਈ ਜਾਂਦੀ ਹੈ। ਜਿਸ ਵਿਚ ਬਹੁਤ ਘੱਟ ਗਿਣਤੀ ਸੰਗਤ ਦੀ ਹਾਜ਼ਰੀ ਹੁੰਦੀ ਹੈ। ਸੰਬੰਧਤ ਗੁਰੂ ਘਰ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੂੰ ਸੰਗਤ ਦਾ ਉਤਸ਼ਾਹ ਵਧਾ ਕੇ ਨਾਲ ਜੋੜਨ ਦਾ ਪੁਰਜ਼ੋਰ ਉਪਰਾਲਾ ਕਰਨ ਦੀ ਲੋੜ ਹੈ ਕਿਉਂਕਿ ਚੰਡੀਗੜ੍ਹ, ਮੁਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਨੇੜਲੇ ਇਲਾਕਿਆਂ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਸ਼ਰਧਾਲੂ ਸੱਜਣ ਤਕਰੀਬਨ 1000 ਤੋਂ ਵੱਧ ਹਨ।

7. **ਮੋਬਾਇਲ ਮੈਡੀਕਲ ਟੈਸਟ ਵੈਨ -** ਇਸ ਮੈਡੀਕਲ ਟੈਸਟਿੰਗ ਵੈਨ ਦੀ ਜ਼ਿੰਮੇਵਾਰੀ ਪ੍ਰਧਾਨ ਜੀ ਵੱਲੋਂ ਸ. ਨਿਰਮਲ ਸਿੰਘ ਕਾਰਜਕਾਰੀ ਮੈਂਬਰ ਨੂੰ ਸੌਂਪੀ ਗਈ ਸੀ ਪ੍ਰੰਤੂ ਅਜੇ ਤੱਕ ਕੋਈ ਕੰਮ ਕਰਨ ਯੋਗ ਪ੍ਰਾਪਤੀ ਨਹੀਂ ਹੋ ਸਕੀ ਹੈ। ਇਸ ਸੰਬੰਧ ਵਿਚ ਖਾਸ ਧਿਆਨ ਦੇ ਕੇ ਅਗਲੇਰੀ ਕਾਰਵਾਈ ਛੇਤੀ ਕਰਨ ਲਈ ਉਪਰਾਲਾ ਕਰਨਾ ਚਾਹੀਦਾ ਹੈ।

8. **ਭਾਈ ਲੱਖੀ ਸ਼ਾਹ ਬਲਾਕ ਦੀ ਨਵੀਨ ਉਸਾਰੀ ਬਾਰੇ -** ਇਸ ਸਬੰਧੀ ਵਿਚ ਫਰਵਰੀ, 2023 ਦੇ ਅੰਕ ਵਿਚ ਵੇਰਵਾ ਦਿੱਤਾ ਗਿਆ ਹੈ। ਆਰਕੀਟੈਕਟ ਡਰਾਇੰਗ ਦੀਆਂ ਮੁੱਢਲੀਆਂ ਤਜਵੀਜ਼ਾਂ ਪ੍ਰਾਪਤ ਕੀਤੀਆਂ ਗਈਆਂ ਹਨ। ਇਹਨਾਂ ਤਜਵੀਜ਼ਾਂ ਵਿਚੋਂ ਚੋਣ ਕਰਕੇ ਉਸ ਵਿਚ ਸਟਰਕਚਲ ਡਰਾਇੰਗਾਂ ਬਨਣਗੀਆਂ ਅਤੇ ਉਸ ਦੇ ਵੇਰਵੇ ਲੈ ਕੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

9. **ਮਨੀਸ਼ ਕੁਮਾਰ ਵੱਲੋਂ 1,19,000/- ਰੁਪਏ ਗਬਨ ਕੇਸ ਬਾਰੇ -** ਇਸ ਸਬੰਧ ਵਿਚ ਸ. ਜਗਜੀਤ ਸਿੰਘ ਭਗਤਾਨਾ ਐਸ.ਐਸ.ਪੀ. (ਰਿਟਾ.) ਸੀਨੀਅਰ ਮੀਤ ਪ੍ਰਧਾਨ (ਪੰਜਾਬ) ਵੱਲੋਂ ਅਤੇ ਸ. ਗੁਰਚਰਨ ਸਿੰਘ ਸੀਨੀਅਰ ਮੀਤ ਪ੍ਰਧਾਨ (ਹੈੱਡ. ਕੁ.) ਵੱਲੋਂ ਥਾਣਾ ਇੰਡਸਟਰੀਅਲ ਏਰੀਆ-1, ਚੰਡੀਗੜ੍ਹ ਵਿਖੇ ਪੈਰਵਾਈ ਕਰਕੇ ਸ੍ਰੀ ਮਨੀਸ਼ ਵੱਲੋਂ ਆਪਣੀ ਗਲਤੀ ਦਾ ਲਿਖਤੀ ਮਨੌਤ ਕੀਤੀ ਹੈ ਅਤੇ ਉਸ ਵੱਲੋਂ 24 ਚੈੱਕ ਆਪਣੇ ਨਿੱਜੀ ਖਾਤੇ ਦੇ ਫਾਊਂਡੇਸ਼ਨ ਨੂੰ ਦੇ ਦਿੱਤੇ ਗਏ ਹਨ ਜੋ ਕਿ ਹਰ ਮਹੀਨੇ 4000/- ਰੁਪਏ ਦੇਣਯੋਗ 15-03-2023 ਤੋਂ ਅੱਗੇ ਲਗਾਤਾਰ ਹਰ ਮਹੀਨੇ ਹੋਣਗੇ ਮਤਲਬ 24×4000=96000 ਰੁਪਏ ਬਾਕੀ ਰਹਿੰਦੀ ਰਾਸ਼ੀ ਦੇ 6 ਚੈੱਕ 23000/- ਰੁਪਏ (5×4000=20000+3000) ਸ੍ਰੀ ਮੁਨੀਸ਼ ਕੁਮਾਰ ਨੇ 10-3-2023 ਨੂੰ ਦੇਣ ਦੀ ਲਿਖਤੀ ਵਚਨਬੱਧਤਾ ਕੀਤੀ ਹੈ। ਇਸ ਬਾਰੇ ਅਗਲੇਰੀ ਪੈਰਵਾਈ ਕਰਦੇ ਰਹਿਣ ਦੀ ਲੋੜ ਹੈ।

10. **ਡੈਂਟਲ ਕਲੀਨਿਕ ਦੀ ਰਿਪੋਰਟ -** ਡੈਂਟਲ ਕਲੀਨਿਕ ਨੂੰ ਭਵਨ ਚੰਡੀਗੜ੍ਹ ਵਿਖੇ ਕੋਵਿਡ-19 ਤੋਂ ਬਾਅਦ ਚਾਲੂ ਕੀਤਾ ਗਿਆ ਸੀ। ਜਿਸ ਵਿਚ ਕੰਮ 01-09-2023 ਤੋਂ ਸ਼ੁਰੂ ਹੋਇਆ ਅਤੇ 15-02-2023 ਤੱਕ ਤਨਖਾਹ ਦਾ ਖਰਚ ਤਕਰੀਬਨ 1,00,000/- ਰੁਪਏ ਅਤੇ ਲਾਗਤ ਵਾਲੇ ਸਾਜੋ ਸਮਾਨ ਦਾ ਖਰਚਾ 70,000/- ਰੁਪਏ ਤਕਰੀਬਨ ਹੋਇਆ ਹੈ ਜਿਸ ਦੀ ਆਮਦਨ ਸਿਰਫ਼ 14750 ਰੁਪਏ ਹੋਈ ਹੈ। ਇਸ ਸੰਬੰਧ ਵਿਚ ਇਸ ਮੁੱਦੇ ਤੇ ਗੰਭੀਰਤਾ ਨਾਲ ਅੱਗੇ ਤੋਂ ਫੈਸਲਾ ਲੈਣ ਦੀ ਲੋੜ ਹੈ ਅਤੇ ਪ੍ਰਧਾਨ ਜੀ ਦੇ ਧਿਆਨ ਹਿੱਤ ਇਹ ਮਾਮਲਾ ਹੈ।

ਪ੍ਰਧਾਨ ਜੀ ਵੱਲੋਂ ਸਾਰੇ ਮੈਂਬਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਫਾਊਂਡੇਸ਼ਨ ਦੇ ਕੰਮਕਾਰਾਂ ਵਿਚ ਸੁਚੱਜੀ ਸੇਵਾ ਤਨ, ਮਨ ਅਤੇ ਧਨ ਨਾਲ ਨਿਭਾ ਕੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਪੂਰਨਿਆਂ ਤੇ ਚੱਲਦੇ ਹੋਏ ਸੱਚੀ ਸੁੱਚੀ ਪ੍ਰਾਪਤੀ ਦੇ ਪਾਤਰ ਬਣੀਏ।

# ਸਾਡੀ ਮਾਂ ਬੋਲੀ ਪੰਜਾਬੀ

ਪੰਜਾਬੀਅਤ ਭਾਰਤੀ ਸਭਿਆਚਾਰ ਜਿਸ ਦਾ ਜਨਮ ਸਦੀਆਂ ਦੇ ਲਗਾਤਾਰ ਸੰਘਰਸ਼ ਵਿਚੋਂ ਹੋਇਆ। ਇਸ ਨੂੰ ਸੰਵਾਰਨ, ਨਿਖਾਰਨ ਅਤੇ ਉਭਾਰਨ ਵਿਚ ਬਾਬਾ ਫਰੀਦ, ਗੁਰੂ ਪਾਤਿਸ਼ਾਹਾਂ, ਬੁੱਲ੍ਹੇ ਸ਼ਾਹ, ਵਾਰਿਸ, ਹਾਸ਼ਮ ਅਤੇ ਤਮਾਮ ਦੂਸਰੇ ਪੰਜਾਬੀ-ਸਿਰਜਕਾਂ ਦਾ ਉਹ ਬਹੁਮੁੱਲਾ ਯੋਗਦਾਨ ਹੈ ਜਿਸ ਨੂੰ ਅੱਜ ਅਸੀਂ ਮਨੋਂ ਵਿਸਾਰੀ ਬੈਠੇ ਹਾਂ। ਬੋਲੀ, ਖਿੱਤਾ, ਰਹਿਤਲ, ਜਾਤ, ਜਮਾਤ, ਇਤਿਹਾਸ, ਭੂਗੋਲ, ਧਰਮ, ਚਿੰਤਨ, ਵਿਸ਼ਵਾਸ ਅਤੇ ਕਰਮਭੂਮੀ ਭਾਵੇਂ ਮਨੁੱਖੀ-ਪਛਾਣ ਦੇ ਕਈ ਆਧਾਰ ਹੋ ਸਕਦੇ ਹਨ ਪ੍ਰੰਤੂ ਕਿਸੇ ਵੀ ਥਾਂ ਦੀ ਬੋਲੀ ਉਸਨੂੰ ਚਿਰਕਾਲ ਤੋਂ ਇਕ ਵੱਖਰਤਾ ਦੇਂਦੀ ਆਈ ਹੈ। ਪੰਜਾਬੀ ਭਾਵੇਂ ਅੱਜ ਦੇਸਾਂ, ਪ੍ਰਦੇਸਾਂ ਅਤੇ ਵਿਦੇਸ਼ਾਂ ਦੀਆਂ ਸੈਂਕੜੇ ਧਰਤੀਆਂ ਦੇ ਵਸਨੀਕ ਬਣ ਚੁੱਕੇ ਹਨ ਪ੍ਰੰਤੂ ਉਹ ਜਿੱਥੇ ਜਿੱਥੇ ਵੀ ਗਏ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਉਨ੍ਹਾਂ ਦੇ ਨਾਲ-ਨਾਲ ਗਈ। ਫਲਸਰੂਪ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਡੈਨਮਾਰਕ ਅਤੇ ਕਈ ਹੋਰ ਦੇਸ਼ਾਂ ਵਿਚ ਪੰਜਾਬੀ ਦੀ ਪੜ੍ਹਾਈ, ਲਿਖਾਈ ਅਤੇ ਇਸ ਦੀ ਸੁਰਜੀਤੀ ਦੇ ਖਾਸ ਉਪਰਾਲੇ ਸਿੱਧ ਕਰਦੇ ਹਨ ਕਿ ਬਾਹਰਲਿਆਂ ਨੇ ਬਾਬਾ ਨਾਨਕ ਦੀ ਮਿੱਠੀ ਬੋਲੀ ਨੂੰ ਹਾਲੇ ਵੀ ਵਿਸਾਰਿਆ ਨਹੀਂ।

ਪੰਜਾਬੀ ਭਾਸ਼ਾ ਦੇ ਜਨਮ ਸਥਾਨ ਤੇ ਪੰਜਾਬੀਅਤ ਵੱਲੋਂ ਇਸਦੀ ਬੇਕਦਰੀ, ਬੇਰੁਖ਼ੀ ਤੇ ਰੱਜ ਕੇ ਅਣਗੌਲਣਾ ਪੰਜਾਬੀ-ਹਿਤੈਸ਼ੀਆਂ ਨੂੰ ਬਹੁਤ ਤਕਲੀਫ ਦਿੰਦੀ ਹੈ। ਪੰਜਾਬੀ ਗੀਤ-ਸੰਗੀਤ ਨੂੰ ਹਿੰਦੀ, ਅੰਗਰੇਜ਼ੀ ਤੇ ਲੱਚਰਤਾ ਦਾ ਤੜਕਾ, ਟੈਲੀਵੀਜ਼ਨ ਐਂਕਰਾਂ ਵੱਲੋਂ ਅਪਾਧਰੀ, ਗ਼ਲਤ ਤੇ ਹਾਸੋਹੀਣੀ ਭਾਸ਼ਾ ਦੀ ਵਰਤੋਂ, ਵਿਆਹ-ਸ਼ਾਦੀਆਂ ਦੇ ਕਾਰਡਾਂ ਤੇ ਨਾਂ-ਤਖ਼ਤੀਆਂ 'ਤੇ ਕੇਵਲ ਅੰਗਰੇਜ਼ੀ ਦਾ ਬੋਲਬਾਲਾ ਵੀ ਪੰਜਾਬੀ ਦੇ ਵਾਰਿਸਾਂ ਨੂੰ ਲਗਾਤਾਰ ਪ੍ਰੇਸ਼ਾਨ ਕਰਨ ਦਾ ਸਵੱਬ ਹੈ। ਸਰਕਾਰੀ ਅਦਾਰੇ ਵੀ ਪੰਜਾਬੀ ਨੂੰ ਗੰਵਾਰਾਂ, ਅਨਪੜ੍ਹਾਂ ਤੇ ਪੇਂਡੂਆਂ ਦੀ ਭਾਸ਼ਾ ਸਮਝਦਿਆਂ, ਸਭ ਲਿਖਾ-ਪੜ੍ਹੀ, ਅੰਗਰੇਜ਼ੀ ਵਿਚ ਹੀ ਕਰਨ ਨੂੰ ਪਹਿਲ ਦਿੰਦੇ ਹਨ।

**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**ਐਡੀਸ਼ਨਲ ਚੀਫ਼ ਐਡੀਟਰ**
**99153-57524**



ਮਨੁੱਖੀ ਜੀਵਨ ਵੰਨ ਸੁਵੰਨਾ, ਖ਼ੂਬਸੂਰਤ ਅਤੇ ਵਿਲੱਖਣ ਹੈ। ਚੰਗੀਆਂ, ਉਸਾਰੂ ਅਤੇ ਵਧੀਆ ਕਿਤਾਬਾਂ ਵੀ ਕਿਸੇ ਵਿਅਕਤੀ ਦੀ ਸਖ਼ਸ਼ੀਅਤ ਨੂੰ ਨਿਖਾਰਣ ਵਿਚ ਬਹੁਤ ਯੋਗਦਾਨ ਦਿੰਦੀਆਂ ਹਨ। ਅਕਲ ਦੇ ਵਿਹੜੇ ਪੈਰ ਧਰਨ ਲਈ ਕਿਤਾਬਾਂ ਦੀ ਬਹੁਤ ਵੱਡੀ ਦੇਣ ਹੈ। ਅਜੋਕੇ ਮਨੁੱਖਾਂ ਅਤੇ ਤਿੜਕਦੇ ਸਮਾਜਾਂ ਵਿਚ ਤਣਾਵਾਂ ਅਤੇ ਝਗੜਿਆਂ ਤੋਂ ਬਚਾਅ ਲਈ ਕਿਤਾਬਾਂ ਦਾ ਸੰਗ ਸਾਥ ਨਿਭਾਉਣਾ ਅੱਜ ਦੇ ਸਮੇਂ ਦੀ ਫੌਰੀ ਲੋੜ ਹੈ।

'ਮੈਂ ਪੰਜਾਬੀ ਪੰਜਾਬ ਦੇ ਰਹਿਣ ਵਾਲਾ ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ' ਵਾਲੀ ਸ਼ਿੱਦਤ ਅੱਜ ਸਾਰੇ ਪੰਜਾਬੀਆਂ ਵਿਚ ਤਾਂ ਕੀ ਲੇਖਕਾਂ ਵਿਚ ਵੀ ਲੱਭਿਆਂ ਨਹੀਂ ਲੱਭਦੀ। ਦੇਖਣ ਵਿਚ ਤਾਂ ਇਹ ਵੀ ਆ ਰਿਹਾ ਹੈ ਕਿ ਅਮੀਰ ਮਾਪੇ ਅੱਜ ਕੱਲ੍ਹ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਆਪਣੇ ਲਾਡਲਿਆਂ ਲਈ ਪੰਜਾਬੀ ਦੀਆਂ ਟਿਊਸ਼ਨਾਂ ਰੱਖ ਰਹੇ ਹਨ। ਅੰਗਰੇਜ਼ਾਂ ਨੂੰ ਗਿਆਂ ਅੱਧੀ ਸਦੀ ਤੋਂ ਕਿਤੇ ਵੱਧ ਸਮਾਂ ਬੀਤ ਚੁੱਕੈ ਪ੍ਰੰਤੂ ਉਨ੍ਹਾਂ ਦਾ ਵਿਛਾਇਆ ਭਾਸ਼ਾਈ ਅਤੇ ਸਭਿਆਚਾਰਕ ਇੰਦਰਜਾਲ ਅੱਜ ਵੀ ਮੌਜੂਦ ਹੈ। ਵਧੇ ਫੁੱਲੇ ਹਿੰਦੁਸਤਾਨ ਤੇ ਘੁੱਗ ਵੱਸੇ ਪਾਕਿਸਤਾਨ ਅਸਾਂ ਤੇ ਆਪਣੀ ਮਾਂ ਬੋਲੀ ਤੇ ਮਾਂ-ਮਿੱਟੀ ਦੇ ਮੋਹ ਕਾਰਨ ਘੁੱਗੀਆਂ, ਕਬੂਤਰ, ਮੋਰ, ਚਿੜੀਆਂ ਤੇ ਤੋਤੇ ਉਡਾਏ ਨੇ, ਅੰਮ੍ਰਿਤਸਰੀ ਡੋਰਾਂ ਨਾਲ ਲਾਹੌਰ ਦੀਆਂ ਹਵੇਲੀਆਂ ਤੋਂ ਗੁੱਡੀਆਂ ਚੜ੍ਹਾਈਆਂ ਨੇ। ਮਾਖਿਓ ਮਿੱਠੀ ਪੰਜਾਬੀ ਜ਼ੁਬਾਨ ਦੀ ਅਮੀਰੀ, ਇਹਦੇ ਸ਼ਬਦਾਂ ਦੇ ਭੰਡਾਰ ਨੂੰ ਇੰਞ ਰੱਖਣ ਲਈ ਜਤਨ ਕੀਤਾ ਏ। ਸਾਨੂੰ ਧੁਰ ਅੰਦਰੋਂ ਏਹ ਸੋਚ ਵੱਢ ਵੱਢ ਖਾਈ ਜਾ ਰਹੀ ਏ ਕਿ ਜੇ ਅਸਾਂ ਸੁਚੇਤ ਕੋਸ਼ਿਸ਼ਾਂ ਨਾ ਕੀਤੀਆਂ ਤਾਂ ਗੁੱਜਰਾਂਵਾਲੇ ਅਤੇ ਲੁਧਿਆਣੇ ਵਾਲਿਆਂ ਦੀਆਂ ਅਗਲੇਰੀਆਂ ਪੁਸ਼ਤਾਂ ਨੂੰ ਕਿਧਰੇ ਇਕ ਦੂਜੇ ਦੀ ਜ਼ੁਬਾਨ ਸਮਝਣ ਲਈ ਦੋ-ਭਾਸ਼ੀਏ ਹੀ ਨਾ ਰੱਖਣੇ ਪੈ ਜਾਣ।

ਅਮਰੀਕਾ, ਕੈਨੇਡਾ, ਇੰਗਲੈਂਡ ਤੇ ਆਸਟ੍ਰੇਲੀਆ ਵਿਚ ਬੈਂਕਾਂ, ਦਫ਼ਤਰਾਂ, ਹਵਾਈ ਅੱਡਿਆਂ ਤੇ ਹੋਰ ਜਨਤਕ ਥਾਵਾਂ 'ਤੇ ਪੰਜਾਬੀ ਬੋਲਣ ਤੇ ਲਿਖਣ ਵਾਲੇ ਮੁਲਾਜ਼ਮਾਂ ਨੂੰ ਨੌਕਰੀਆਂ ਦੇਣੀਆਂ ਅਤੇ ਅੰਗਰੇਜ਼ ਡਾਕਟਰਾਂ ਵੱਲੋਂ ਮਰੀਜ਼ਾਂ ਨਾਲ ਗੱਲਬਾਤ ਕਰਨ ਲਈ ਪੰਜਾਬੀ ਸਿੱਖਣੀ ਆਦਿ ਪੰਜਾਬੀਆਂ ਦੀ ਮਿਹਨਤ ਦਾ ਸਿੱਟਾ ਹੈ। ਇਸਦੇ ਉਲਟ, ਵਿਦੇਸ਼ਾਂ ਵਿਚਲੇ ਭਾਰਤੀ ਦੂਤਘਰਾਂ ਵਿਚ ਪੰਜਾਬੀ ਬੋਲਨ ਵਾਲਿਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਗ਼ੈਰ-ਪੰਜਾਬੀ ਕਰਮਚਾਰੀ ਪੰਜਾਬੀ ਬੋਲਣ ਵਿਚ ਹੇਠੀ ਮਹਿਸੂਸਦਿਆਂ ਉਨ੍ਹਾਂ ਨੂੰ ਜਵਾਬ ਪੰਜਾਬੀ ਵਿਚ ਨਹੀਂ ਦਿੰਦੇ। ਪੰਜਾਬੀ ਬੋਲੀ ਨੂੰ ਇਕ ਲਹਿਰ ਬਣਾ ਕੇ ਚਲਾਉਣਾ ਚਾਹੀਦਾ ਹੈ। ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਹਰ ਇਕ ਵਿਅਕਤੀ ਨੂੰ ਆਪਣਾ ਲੋੜੀਂਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਤਰ੍ਹਾਂ ਚੰਗੀ ਵਿਦਿਆ ਨਾਲ ਹਾਸਲ ਕੀਤੇ ਕੰਮਾਂ ਦੀ ਦੁਨੀਆਂ ਭਰ 'ਚ ਬੰਦੇ ਦੀ ਸ਼ਲਾਘਾ ਹੁੰਦੀ ਹੈ ਅਤੇ ਜੀਵਨ ਸਫਲ ਹੁੰਦਾ ਹੈ। ਜਿੰਨੇ ਵੀ ਸਾਡੇ ਰਾਜਸੀ, ਸਮਾਜਿਕ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਚੰਗੇ ਉਪਰਾਲੇ ਕੀਤੇ ਹਨ ਉਨ੍ਹਾਂ ਦਾ ਹਮੇਸ਼ਾਂ ਅਹਿਸਾਨ ਰਹਿੰਦਾ ਹੈ। ਦੁਨੀਆਂ ਭਰ ਵਿਚ ਮਾਂ ਬੋਲੀ ਪੰਜਾਬੀ ਦਿਵਸ ਮਨਾਇਆ ਗਿਆ ਅਤੇ ਲੋਕਾਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਨਾਲ ਜੁੜਨ ਲਈ ਸੁਚੇਤ ਵੀ ਕੀਤਾ ਗਿਆ।

ਆਓ ਪੰਜਾਬੀਓ! ਆਪਣੀ ਮਾਂ-ਬੋਲੀ ਤੇ ਮਾਂ-ਮਿੱਟੀ ਨਾਲ ਜੁੜੀਏ ਤਾਂ ਜੋ ਇਸ ਅਮੋਲਕ ਜੀਵਨ ਦਾ ਕਰਜ਼ਾ ਲਾਹ ਸਕੀਏ।

## ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ

*ਸ਼ਹੀਦੀ ਦਿਵਸ ’ਤੇ ਵਿਸ਼ੇਸ਼*

# ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼

**ਗੁਰਚਰਨ ਸਿੰਘ ਨੂਰਪੁਰ**



28 ਸਤੰਬਰ, 1907 ਨੂੰ ਜਨਮਿਆ ਪੰਜਾਬੀਆਂ ਦਾ ਮਾਣ ਅਤੇ ਭਾਰਤ ਮਾਂ ਦਾ ਲਾਡਲਾ ਪੁੱਤਰ ਸ਼ਹੀਦ ਭਗਤ ਸਿੰਘ ਛੋਟੀ ਜਿਹੀ ਉਮਰ ਵਿਚ ਵੱਡੀ ਕੁਰਬਾਨੀ ਕਰਕੇ 23 ਮਾਰਚ, 1931 ਨੂੰ ਫਾਂਸੀ ਦੇ ਤਖ਼ਤੇ ’ਤੇ ਝੂਲ ਗਿਆ।23 ਸਾਲ ਦੀ ਛੋਟੀ ਜਿਹੀ ਉਮਰ ਵਿਚ ਵੱਡੇ ਕਾਰਨਾਮਿਆਂ ਨੂੰ ਸਰਅੰਜ਼ਾਮ ਦੇਣ ਵਾਲੇ ਸ਼ਹੀਦ ਭਗਤ ਸਿੰਘ ਨੇ ਆਖਰੀ ਸਮੇਂ ਕਿਹਾ ਸੀ, ‘ਆਪਣੇ ਵਤਨ ਲਈ ਜੋ ਮੈਂ ਕਰਨਾ ਚਾਹੁੰਦਾ ਹਾਂ, ਉਸ ਦਾ ਇਕ ਹਜ਼ਾਰਵਾਂ ਹਿੱਸਾ ਵੀ ਅਜੇ ਨਹੀਂ ਕਰ ਸਕਿਆ।’ ਇਸ ਤੋਂ ਉਸ ਦੀ ਵਤਨਪ੍ਰਸਤੀ ਦਾ ਪਤਾ ਲਗਦਾ ਹੈ। ਉਸ ਦੀ ਸ਼ਖ਼ਸੀਅਤ ਨਾਲ ਮਿਲਦੀਆਂ-ਜੁਲਦੀਆਂ ਮਿਸਾਲਾਂ ਦੁਨੀਆ ਵਿਚ ਬਹੁਤ ਘੱਟ ਹਨ। ਬਹੁਤ ਘੱਟ ਸਮੇਂ ਵਿਚ ਇਤਿਹਾਸ, ਰਾਜਨੀਤੀ, ਸਮਾਜਵਾਦ ਅਤੇ ਉਸ ਸਮੇਂ ਦੁਨੀਆ ਪੱਧਰ ’ਤੇ ਹੋ ਰਹੀਆਂ ਰਾਜਨੀਤਕ ਸਰਗਰਮੀਆਂ ਦਾ ਅਧਿਐਨ ਕਰਨ ਵਾਲਾ ਇਹ ਮਹਾਂਨਾਇਕ ਅੱਜ ਕਰੋੜਾਂ ਲੋਕਾਂ ਦਾ ਰਾਹ-ਦਸੇਰਾ ਹੈ। ਕੁੱਝ ਦਹਾਕੇ ਪਹਿਲਾਂ ਭਗਤ ਸਿੰਘ ਨੂੰ ਭਾਵੇਂ ਅੰਗਰੇਜ਼ ਹਕੂਮਤ ਨੇ ਫਾਂਸੀ ਦੇ ਦਿੱਤੀ, ਪਰ ਉਹ ਕਿਤੇ ਗਿਆ ਨਹੀਂ, ਉਹ ਲੱਖਾਂ ਲੋਕਾਂ ਦੇ ਦਿਲਾਂ ਵਿਚ ਵਸਦਾ ਹੈ। ਅੱਜ ਵੀ ਉਹ ਦੇਸ਼ ਦੀ ਨੌਜੁਆਨੀ ਨੂੰ ਪੁਕਾਰ ਰਿਹਾ ਹੈ ਕਿ ਆਓ! ਇਸ ਧਰਤੀ ਨੂੰ ਮਨੁੱਖਾਂ ਦੇ ਰਹਿਣ ਯੋਗ ਬਣਾਈਏ।

ਦੇਸ਼ ਨੂੰ ਆਜ਼ਾਦ ਹੋਇਆਂ ਅੱਜ 75 ਤੋਂ ਵੱਧ ਸਾਲ ਬੀਤ ਗਏ ਹਨ। ਅੱਜ ਦੇਸ਼ ਦੀ 45 ਫ਼ੀਸਦੀ ਆਬਾਦੀ ਦਾਲ ਰੋਟੀ ਲਈ ਮੁਥਾਜ ਹੈ। ਰਾਜ ਕਰਨ ਵਾਲੀਆਂ ਸਰਕਾਰਾਂ ਗਰੀਬ ਲੋਕਾਂ ਨੂੰ ਸਸਤੇ ਆਟੇ-ਦਾਲ ਦੀ ਖੈਰਾਤ ਪਾ ਕੇ ਇਸ ਨੂੰ ਆਪਣੀਆਂ ਵੱਡੀਆਂ ਪ੍ਰਾਪਤੀਆਂ ਮੰਨ ਰਹੀਆਂ ਹਨ। ਇਹ ਮਾਣ ਕਰਨ ਵਾਲੀਆਂ ਗੱਲਾਂ ਨਹੀਂ। ਸਗੋਂ ਹੁਣ ਤੱਕ ਬਦਲ-ਬਦਲ ਕੇ ਰਾਜ ਕਰਨ ਵਾਲੇ ਹਾਕਮਾਂ ਲਈ ਸ਼ਰਮਨਾਕ ਗੱਲ ਹੈ। ਜੇਕਰ ਸਾਢੇ ਛੇ ਦਹਾਕੇ ਬੀਤ ਜਾਣ ਬਾਅਦ ਵੀ ਦੇਸ਼ ਦੇ ਕਰੋੜਾਂ ਲੋਕ ਦਾਣੇ-ਦਾਣੇ ਦੇ ਮੁਥਾਜ ਹਨ ਤਾਂ ਉਹ ਸਮਾਂ ਕਦੋਂ ਆਵੇਗਾ ਜਦੋਂ ਦੇਸ਼ ਦੇ ਇਹ ਦੱਬੇ-ਕੁਚਲੇ, ਨਪੀੜੇ ਤੇ ਹਾਸ਼ੀਏ ’ਤੇ ਕਰ ਦਿੱਤੇ ਲੋਕ, ਇੱਜ਼ਤ ਤੇ ਸਵੈ-ਮਾਣ ਦੀ ਰੋਟੀ ਖਾ ਸਕਣਗੇ? ਅਜਿਹਾ ਸ਼ਾਇਦ ਦੇਸ਼ ਦੇ ਹਾਕਮਾਂ ਦੀ ਸੋਚ ਦਾ ਹਿੱਸਾ ਹੀ ਨਹੀਂ ਬਣ ਸਕਿਆ। ਕਿੰਨੀ ਸ਼ਰਮਨਾਕ ਸਥਿਤੀ ਹੈ ਕਿ ਇਕ ਪਾਸੇ ਕਰੋੜਾਂ ਲੋਕਾਂ ਕੋਲ ਤਨ ਢਕਣ ਲਈ ਕੱਪੜਾ ਨਹੀਂ ਇਹ ਲੋਕ ਅਨਾਜ ਦੇ ਦਾਣੇ ਦਾਣੇ ਦੇ ਮੁਥਾਜ ਹਨ ਅਤੇ ਦੂਜੇ ਪਾਸੇ ਹਰ ਸਾਲ ਲੱਖਾਂ ਟਨ ਅਨਾਜ ਗਲ-ਸੜ ਜਾਂਦਾ ਹੈ। ਸਰਕਾਰਾਂ ਕਹਿੰਦੀਆਂ ਹਨ ਕਿ ਇਹ ਅਨਾਜ ਭੁੱਖੇ ਲੋਕਾਂ ਨੂੰ ਮੁਫ਼ਤ ਨਹੀਂ ਵੰਡਿਆ ਜਾ ਸਕਦਾ ਪਰ ਦੂਜੇ ਪਾਸੇ ਇਹੋ ਸਰਕਾਰਾਂ ਧਨਾਢਾਂ, ਉਦਯੋਗਪਤੀਆਂ, ਵਪਾਰੀਆਂ ਨੂੰ ਕਾਰੋਬਾਰ ਕਰਨ ਲਈ ਕਰੋੜਾਂ ਰੁਪਈਆਂ ਦੀਆਂ ਸਬਸਿਡੀਆਂ ਦੇ ਦਿੰਦੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਇਸ ਅਤਿ ਭ੍ਰਿਸ਼ਟ ਨਿਜ਼ਾਮ ਲਈ ਲੜੇ ਸਨ। ਅੱਜ ਸਾਡੇ ਬਹੁਤੇ ਨੇਤਾਵਾਂ ਦੀ ਹਰ ਬਿਆਨਬਾਜ਼ੀ ਆਪਣੇ-ਆਪ ਤੋਂ ਸ਼ੁਰੂ ਹੋ ਕੇ ਵੋਟ ’ਤੇ ਖਤਮ ਹੋ ਜਾਂਦੀ ਹੈ। 35-40 ਸਾਲ ਤੱਕ ਵਜ਼ੀਰੀਆਂ ਮਾਨਣ ਵਾਲੇ ਵੀ ਆਜ਼ਾਦੀ ਦਿਵਸ ’ਤੇ ਝੰਡਾ ਲਹਿਰਾਅ ਕੇ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਸ਼ਹੀਦ-ਏ ਆਜ਼ਮ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਜਿਸ ਮਹਾਨ ਕਾਰਜ ਲਈ ਆਪਣੇ ਪ੍ਰਾਣਾਂ ਦੀ ਅਹੂਤੀ ਦਿੱਤੀ ਸੀ ਉਹ ਸੁਪਨਾ ਅਜੇ ਅਧੂਰਾ ਹੈ। ਲਗਭਗ ਪੌਣੀ ਸਦੀ ਬੀਤ ਜਾਣ ’ਤੇ ਵੀ ਜੇਕਰ ਸ਼ਹੀਦਾਂ ਦੇ ਸੁਪਨੇ ਸਾਕਾਰ ਨਹੀਂ ਹੋ ਸਕੇ ਤਾਂ ਪੁੱਛਣਾ ਬਣਦਾ ਹੈ ਕਿ ਕੌਣ ਲੋਕ ਹਨ ਜੋ ਇਸ ਵਿਚ ਰੁਕਾਵਟ ਬਣੇ ਰਹੇ ਹਨ? ਕੌਣ ਹਨ ਜਿਨ੍ਹਾਂ ਨੇ ਦੇਸ਼ ਦੀ ਜਨਤਾ ਨਾਲ ਵਾਰ ਵਾਰ ਵਾਅਦੇ ਕੀਤੇ ਤੇ ਫਿਰ ਉਨ੍ਹਾਂ ਤੋਂ ਮੁਕਰਦੇ ਰਹੇ? ਆਪਣੇ ਕੁਨਬਿਆਂ ਨੂੰ ਮਾਲਾ-ਮਾਲ ਕੀਤਾ ਅਤੇ ਦੇਸ਼ ਦੀ ਬਹੁ-ਗਿਣਤੀ ਲਈ ਅਤਿ ਭ੍ਰਿਸ਼ਟ ਨਿਜ਼ਾਮ ਪੈਦਾ ਕਰਕੇ ਲੋਕਾਂ ਨੂੰ ਗ਼ਰੀਬੀ, ਮੰਦਹਾਲੀ ਅਤੇ ਜਲਾਲਤ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ।


ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਫਾਂਸੀ ਦੀ ਉਡੀਕ ਵਿਚ ਬੈਠੇ

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਸੋਚਦੇ ਸਨ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਦੇਸ਼ ਆਜ਼ਾਦ ਹੋਵੇਗਾ। ਬਸਤੀਵਾਦੀ ਅੰਗਰੇਜ਼ੀ ਹਕੂਮਤ ਦਾ ਸਫਾਇਆ ਹੋ ਜਾਵੇਗਾ। ਦੇਸ਼ ਦੇ ਲੋਕ ਆਪਣੀ ਤਕਦੀਰ ਆਪਣੇ ਹੱਥਾਂ ਨਾਲ ਲਿਖਣ ਦੇ ਸਮਰੱਥ ਹੋਣਗੇ। ਆਮ ਲੋਕ ਰਾਜ ਭਾਗ ਦੇ ਹਿੱਸੇਦਾਰ ਹੋਣਗੇ, ਦੇਸ਼ 'ਚੋਂ ਅਮੀਰੀ-ਗ਼ਰੀਬੀ ਦਾ ਪਾੜਾ ਖ਼ਤਮ ਹੋਵੇਗਾ, ਦੇਸ਼ ਦੇ ਲੋਕਾਂ ਨੂੰ ਜਲਾਲਤ ਭਰੀ ਗੁਲਾਮੀ ਤੋਂ ਨਿਜ਼ਾਤ ਮਿਲੇਗੀ। ਸਿੱਖਿਆ, ਸਿਹਤ ਸਹੂਲਤਾਂ, ਨਿਆਂ ਪ੍ਰਬੰਧ ਅਤੇ ਰੋਜ਼ਗਾਰ 'ਤੇ ਹਰ ਵਿਅਕਤੀ ਦਾ ਅਧਿਕਾਰ ਹੋਵੇਗਾ। ਪਰ ਇਸ ਦੇ ਉਲਟ ਨਿਆਂ, ਰੋਜ਼ਗਾਰ ਅਤੇ ਹੋਰ ਜ਼ਰੂਰੀ ਸਹੂਲਤਾਂ ਲਈ ਸੰਘਰਸ਼ ਕਰਦੇ ਲੋਕਾਂ ਨੂੰ ਪੁਲਿਸ ਦੀਆਂ ਡਾਂਗਾਂ ਤੇ ਗੋਲੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਹੱਕ ਮੰਗਦੇ ਲੋਕਾਂ 'ਤੇ ਪਰਚੇ ਦਰਜ ਕਰਕੇ ਜੇਲਾਂ ਥਾਣਿਆਂ ਵਿਚ ਡੱਕਿਆ ਜਾਂਦਾ ਹੈ। ਔਰਤਾਂ ਦੀ ਬੇਪੱਤੀ ਕੀਤੀ ਜਾਂਦੀ ਹੈ। ਜਤਿੰਦਰਨਾਥ ਦਾਸ (ਜੇਲ ਵਿਚ 63 ਦਿਨ ਦੀ ਲੰਬੀ ਭੁੱਖ ਹੜਤਾਲ ਤੋਂ ਬਾਅਦ ਸ਼ਹੀਦ ਹੋ ਗਏ), ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਵਰਗੇ ਮਹਾਨ ਦੇਸ਼ ਭਗਤਾਂ ਨੇ ਜਾਤਾਂ, ਮਜ਼੍ਹਬਾਂ, ਧਰਮਾਂ ਤੋਂ ਉੱਪਰ ਉੱਠ ਕੇ ਵਤਨ ਦੀ ਗੁਲਾਮੀ ਦਾ ਖਾਤਮਾ ਕਰਨ ਲਈ ਉੱਚੇ-ਸੁੱਚੇ ਆਦਰਸ਼ਾਂ ਲਈ ਕੁਰਬਾਨੀ ਦਿੱਤੀ। ਸੁਪਨਾ ਇਹ ਸੀ ਕਿ ਇਸ ਧਰਤੀ ਨੂੰ ਇਨਸਾਨਾਂ ਦੇ ਰਹਿਣ ਯੋਗ ਬਣਾਇਆ ਜਾਵੇ, ਤਾਂ ਜੋ ਜਾਤਾਂ-ਪਾਤਾਂ ਅਤੇ ਧਰਮਾਂ ਵਿਚ ਵੰਡੇ ਦੇਸ਼ ਦੇ ਲੋਕਾਂ ਨੂੰ ਇਨਸਾਨੀਅਤ ਦੇ ਰਾਹ 'ਤੇ ਤੋਰਿਆ ਜਾ ਸਕੇ। ਅੱਜ ਉਨ੍ਹਾਂ ਮਹਾਨ ਦੇਸ਼ ਭਗਤਾਂ ਦੇ ਆਦਰਸ਼ ਅਤੇ ਕੁਰਬਾਨੀਆਂ ਨੂੰ ਨਜ਼ਰ ਅੰਦਾਜ਼ ਕਰਕੇ ਦੇਸ਼ ਦੀਆਂ ਕੁਝ ਰਾਜਨੀਤਕ ਪਾਰਟੀਆਂ ਦੇਸ਼ ਦੇ ਲੋਕਾਂ ਨੂੰ , ਧਰਮਾਂ, ਜਾਤਾਂ, ਖਿੱਤਿਆਂ ਵਿਚ ਵੰਡ ਕੇ ਆਪਣੀਆਂ ਰੋਟੀਆਂ ਸੇਕ ਰਹੀਆਂ ਹਨ। 47 ਤੱਕ ਅਸੀਂ ਬਸਤੀਵਾਦੀ ਹਕੂਮਤ ਦੇ ਗੁਲਾਮ ਸੀ, ਅੱਜ ਸਥਿਤੀ ਉਸ ਤੋਂ ਵੀ ਭਿਆਨਕ ਹੈ। ਅੱਜ ਸਾਡੀਆਂ ਸਰਕਾਰਾਂ ਨੇ ਮੁਲਕ ਨੂੰ ਉਨ੍ਹਾਂ ਹੀ ਧਨਾਢ ਮੁਲਕਾਂ ਦੀਆਂ ਕੰਪਨੀਆਂ ਦੀ ਮੰਡੀ ਬਣਾ ਦਿੱਤਾ ਹੈ। ਕਿਰਤ ਸੱਭਿਆਚਾਰ ਦਾ ਮੁਲਕ 'ਚੋਂ ਖਾਤਮਾ ਹੋ ਰਿਹਾ ਹੈ। ਧਨਾਢ ਕੰਪਨੀਆਂ, ਕਾਰਪੋਰੇਟਰਾਂ ਨੂੰ ਲੋਕਾਂ ਦੀ ਹਰ ਲੋੜ ਬਿਜਲੀ, ਪਾਣੀ, ਸਿੱਖਿਆ ਤੇ ਸਿਹਤ ਸਹੂਲਤਾਂ ਆਦਿ ਲੋੜਾਂ 'ਤੇ ਕਬਜ਼ੇ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ। ਛੋਟੇ ਕਿਸਾਨ, ਦੁਕਾਨਦਾਰ, ਮਜ਼ਦੂਰ ਅਤੇ ਹੋਰ ਛੋਟੀਆਂ-ਮੋਟੀਆਂ ਨੌਕਰੀਆਂ ਕਰਨ ਵਾਲੇ ਲੋਕਾਂ ਲਈ ਬੜੀ ਮਾਰੂ ਸਥਿਤੀ ਪੈਦਾ ਕਰ ਦਿੱਤੀ ਗਈ ਹੈ। ਜਿੱਥੇ ਪੂਰੇ ਮੁਲਕ ਵਿਚ ਇਹ ਲੋਕ ਅੱਜ ਜਿਉਂਦੇ ਰਹਿਣ ਲਈ ਜਦੋਜਹਿਦ ਕਰ ਰਹੇ ਹਨ, ਉੱਥੇ ਕੁਝ ਕੁ ਅਮੀਰ ਘਰਾਣਿਆਂ ਦੀਆਂ ਜਾਇਦਾਦਾਂ ਅਮਰ ਵੇਲ ਵਾਂਗ ਵਧ ਰਹੀਆਂ ਹਨ। ਦੇਸ਼ ਦੇ ਬਹੁ-ਗਿਣਤੀ ਲੋਕ ਇਕ ਅਦਿੱਖ ਗੁਲਾਮੀ ਵੱਲ ਧੱਕ ਦਿੱਤੇ ਗਏ ਹਨ। ਅੰਗਰੇਜ਼ ਹਕੂਮਤ ਦੀ ਗੁਲਾਮੀ ਤਾਂ ਨਜ਼ਰ ਆਉਂਦੀ ਗੁਲਾਮੀ ਸੀ ਜਿਸ ਦੇ ਖਿਲਾਫ਼ ਸਾਡੇ ਵੱਡੇ-ਵਡੇਰਿਆਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਤੇ ਆਜ਼ਾਦੀ ਹਾਸਲ ਕੀਤੀ ਪਰ ਅੱਜ ਸਾਡੇ ਦੇਸ਼ ਦੀ ਹਾਕਮ ਜਮਾਤ ਨੇ ਲੋਕਾਂ ਦੀ ਅਦਿੱਖ ਗੁਲਾਮੀ ਦਾ ਮੁੱਢ ਬੰਨ੍ਹ ਕੇ ਲੋਕਾਂ ਲਈ ਇਕ ਵੱਡੇ ਸੰਘਰਸ਼ ਦਾ ਪਿੜ ਤਿਆਰ ਕੀਤਾ ਹੈ।

ਅਸੈਂਬਲੀ ਹਾਲ ਦੇ ਬੰਬ ਕਾਂਡ ਤੋਂ ਬਾਅਦ ਗ੍ਰਿਫ਼ਤਾਰ ਕਰਕੇ ਭਗਤ ਸਿੰਘ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਲਿਆਂਦਾ ਗਿਆ ਸੀ। ਇੱਥੇ ਹੀ ਉਸ 'ਤੇ ਅੰਗਰੇਜ਼ ਅਫ਼ਸਰ ਸਾਂਡਰਸ ਨੂੰ ਮਾਰਨ ਦਾ ਮੁਕੱਦਮਾ ਚੱਲਿਆ। ਇਸ ਮੁਕੱਦਮੇ 'ਚੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 7 ਅਕਤੂਬਰ, 1930 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਫਾਂਸੀ ਦੀ ਸਜ਼ਾ ਹੋ ਜਾਣ ਤੋਂ ਬਾਅਦ ਭਗਤ ਸਿੰਘ ਦੇ ਕ੍ਰਾਂਤੀਕਾਰੀ ਸਾਥੀਆਂ ਨੇ ਫ਼ੈਸਲਾ ਕੀਤਾ ਕਿ ਕਿਸੇ ਤਰ੍ਹਾਂ ਭਗਤ ਸਿੰਘ ਨੂੰ ਜੇਲ੍ਹ 'ਚੋਂ ਬਾਹਰ ਕੱਢ ਲਿਆ ਜਾਵੇ। ਜਦ ਇਸ ਗੱਲ ਦਾ ਪਤਾ ਉਸ ਮਹਾਂਨਾਇਕ ਨੂੰ ਲੱਗਾ ਤਾਂ ਉਸ ਨੇ ਇਹ ਕਹਿ ਕੇ ਆਪਣੇ ਸਾਥੀਆਂ ਨੂੰ ਮਨ੍ਹਾਂ ਕਰ ਦਿੱਤਾ ਕਿ ਇਸ ਸਮੇਂ ਮੁਲਕ ਦੇ ਜੋ ਰਾਜਨੀਤਕ ਹਾਲਾਤ ਬਣ ਰਹੇ ਹਨ, ਉਸ ਅਨੁਸਾਰ ਮੇਰਾ ਫਾਂਸੀ ਲੱਗਣਾ ਬਲਦੀ 'ਤੇ ਤੇਲ ਦਾ ਕੰਮ ਕਰੇਗਾ। ਭਗਤ ਸਿੰਘ ਦੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਉਹ ਜ਼ਿੰਦਗੀ ਦਾ ਆਸ਼ਕ ਸੀ ਪਰ ਵਤਨ ਲਈ ਜਦੋਂ ਉਸ ਦੇ ਇਮਤਿਹਾਨ ਦੀ ਘੜੀ ਆਈ ਤਾਂ ਉਸ ਨੇ ਮੌਤ ਤੇ ਜ਼ਿੰਦਗੀ ਦੋਵਾਂ 'ਚੋਂ ਮੌਤ ਨੂੰ ਚੁਣਿਆ। ਭਗਤ ਸਿੰਘ ਕੁਰਬਾਨੀ ਦਾ ਉਹ ਮੁਜੱਸਮਾ ਸੀ, ਜਿਸ ਨੇ ਦੇਸ਼ ਦੀ ਜਵਾਨੀ ਨੂੰ ਦੇਸ਼ ਲਈ ਜਿਊਣ ਅਤੇ ਮਰਨ ਦੀ ਜਾਚ ਦੱਸੀ।

ਆਜ਼ਾਦੀ ਤੋਂ ਬਾਅਦ ਦੇਸ਼ 'ਤੇ ਰਾਜ ਕਰਨ ਵਾਲੀਆਂ ਸਰਕਾਰਾਂ ਨੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਤਾਂ ਕੀ ਕਰਨਾ ਸੀ, ਉਨ੍ਹਾਂ ਨੇ ਤਾਂ ਸ਼ਹੀਦਾਂ ਨੂੰ ਯਾਦ ਕਰਨ ਦੀ ਵੀ ਲੋੜ ਨਹੀਂ ਸਮਝੀ। ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਵਿਸਾਰ ਦਿੱਤਾ ਗਿਆ। ਸ਼ਹੀਦ ਸੁਖਦੇਵ, ਮਦਨ ਲਾਲ ਢੀਂਗਰਾ ਅਤੇ ਗ਼ਦਰੀ ਬਾਬੇ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵਰਗੇ ਯੋਧਿਆਂ ਨਾਲ ਸਬੰਧਤ ਯਾਦਗਾਰਾਂ ਦੀ ਹਾਲਤ ਤਰਸਯੋਗ ਹੈ। ਆਜ਼ਾਦੀ ਪ੍ਰਵਾਨਿਆਂ ਸ਼ਹੀਦ ਊਧਮ ਸਿੰਘ, ਚੰਦਰ ਸ਼ੇਖਰ ਆਜ਼ਾਦ ਵਰਗਿਆਂ ਦੇ ਵਾਰਸ ਅੱਜ ਵੀ ਮਜ਼ਦੂਰੀ ਕਰਕੇ ਆਪਣਾ ਢਿੱਡ ਭਰਨ ਲਈ ਮਜਬੂਰ ਹਨ। ਮਹਾਨ ਦੇਸ਼ ਭਗਤਾਂ ਦੀਆਂ ਯਾਦਗਾਰਾਂ ਅਤੇ ਉਨ੍ਹਾਂ ਦੇ ਵਾਰਸਾਂ ਪ੍ਰਤੀ ਅਜਿਹਾ ਵਤੀਰਾ ਸੰਕੇਤ ਕਰਦਾ ਹੈ ਕਿ ਅੱਜ ਰਾਜ ਗੱਦੀਆਂ ਦਾ ਨਿੱਘ ਮਾਨਣ ਵਾਲਿਆਂ ਨੇ ਰਾਜਨੀਤੀ ਨੂੰ ਕਾਰੋਬਾਰ ਬਣਾ ਲਿਆ ਹੈ। ਸ਼ਹੀਦਾਂ ਦੀ ਸੋਚ ਨੂੰ ਸਾਕਾਰ ਕਰਨਾ ਉਨ੍ਹਾਂ ਦੀ ਜ਼ਿਹਨੀਅਤ ਦਾ ਕਦੇ ਵੀ ਹਿੱਸਾ ਨਹੀਂ ਰਿਹਾ।

ਰਾਜ ਗੱਦੀਆਂ ਦੇ ਸੁੱਖ ਮਾਨਣ ਵਾਲਿਆਂ ਨੇ ਸ. ਭਗਤ ਸਿੰਘ ਦੀ ਵਿਚਾਰਧਾਰਾ ਅਤੇ ਸ਼ਹਾਦਤ ਨੂੰ ਅਣਗੌਲਿਆ ਕੀਤਾ, ਇਹ ਉਨ੍ਹਾਂ ਦੀ ਕੁਟਲ ਨੀਤੀ ਦਾ ਹਿੱਸਾ ਸੀ ਪਰ ਸਾਡੇ ਅਖੌਤੀ ਸੱਭਿਆਚਾਰ ਦੇ ਰਾਖਿਆਂ ਨੇ ਵੀ ਉਸ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਇਸ ਮਹਾਨ ਸ਼ਹੀਦ ਦੇ ਸੁਪਨੇ, ਸੋਚ ਅਤੇ ਆਦਰਸ਼ਾਂ ਨੂੰ ਖਤਮ ਕਰਨ ਲਈ ਉਸ ਦੀ ਅਜਿਹੀ ਦਿੱਖ ਨੌਜੁਆਨਾਂ ਅੱਗੇ ਬਣਾਈ ਜਿਵੇਂ ਉਹ ਕੋਈ ਹੈਂਕੜਬਾਜ਼, ਗੁੰਡਾਗਰਦ ਪਰਵਿਰਤੀ ਦਾ ਮਾਲਕ ਹੋਵੇ। ਕੁੰਡੀਆਂ ਮੁੱਛਾਂ, ਹੱਥ ਵਿਚ ਪਿਸਤੌਲ ਅਤੇ ਚਿਹਰੇ 'ਤੇ ਤਿਊੜੀਆਂ ਵਾਲਾ ਭਗਤ ਸਿੰਘ, ਜਿਵੇਂ ਉਸ ਦਾ ਕੰਮ ਬੰਦੇ ਮਾਰਨਾ ਹੀ ਹੋਵੇ। ਉਸ ਦੀਆਂ ਤਸਵੀਰਾਂ ਬਣਾ ਕੇ 'ਖੰਘੇ ਸੀ ਤਾਹੀਂਓਂ ਟੰਗੇ ਸੀ' ਜਾਂ 'ਮਿੱਤਰਾਂ ਦੀ ਮੁੱਛ ਦਾ ਸਵਾਲ ਹੈ', ਵਰਗੇ, ਉਸ ਦੀ ਸੋਚ ਤੋਂ ਬਿਲਕੁਲ ਉਲਟ ਫਿਕਰੇ ਲਿਖ ਕੇ ਇਕ ਸਾਜ਼ਿਸ਼ ਤਹਿਤ ਉਸ ਦੀ ਨਿੱਗਰ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅੱਜ ਦੀ ਨੌਜੁਆਨ ਪੀੜ੍ਹੀ ਨੂੰ ਇਹ ਦੱਸਣ ਦੀ ਲੋੜ ਹੈ ਕਿ ਭਗਤ



ਸਿੰਘ ਅਜਿਹੀ ਮਾਨਸਿਕਤਾ ਵਾਲਾ ਨੌਜੁਆਨ ਨਹੀਂ ਸੀ। ਉਹ ਬੰਬ, ਬੰਦੂਕਾਂ, ਬੰਬਾਂ ਨਾਲ ਬੰਦੇ ਮਾਰਨ ਵਾਲਾ ਇਨਕਲਾਬੀ ਨਹੀਂ ਸੀ। ਉਹ ਤਾਂ ਇਕ ਪੜ੍ਹਾਕੂ ਤੇ ਹਰ ਵੇਲੇ ਅਧਿਐਨ ਕਰਨ ਵਾਲਾ ਉਹ ਮਨੁੱਖ ਸੀ, ਜਿਸ ਨੂੰ ਪਤਾ ਸੀ ਕਿ ਸਵੇਰੇ ਤੜਕੇ ਉਸ ਨੂੰ ਫਾਂਸੀ ਲਾਇਆ ਜਾਣਾ ਹੈ, ਉਸੇ ਰਾਤ ਨੂੰ ਉਹ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਲੋਕ ਰੋਹ ਤੋਂ ਡਰਦੀ ਅੰਗਰੇਜ਼ ਹਕੂਮਤ ਨੇ ਉਸ ਨੂੰ ਇਕ ਦਿਨ ਪਹਿਲਾਂ, ਰਾਤ ਨੂੰ ਹੀ ਫਾਂਸੀ ਲਾਉਣ ਦੀ ਸਕੀਮ ਘੜ ਲਈ। ਜੇਲ੍ਹ ਪੁਲਿਸ ਦੇ ਇਕ ਅਫ਼ਸਰ ਨੇ ਜਦੋਂ ਅਚਾਨਕ ਆ ਕੇ ਕਿਹਾ, 'ਸਰਦਾਰ ਜੀ ਚੱਲੋ ਫਾਂਸੀ ਲਾਏ ਜਾਣ ਦਾ ਸਮਾਂ ਹੋ ਗਿਆ ਹੈ।' ਤਾਂ ਉਸ ਨੇ ਕਿਤਾਬ ਤੋਂ ਧਿਆਨ ਹਟਾਏ ਬਗੈਰ ਕਿਹਾ, 'ਰੁਕੋ ਇਕ ਇਨਕਲਾਬੀ ਦੂਜੇ ਇਨਕਲਾਬੀ ਨੂੰ ਮਿਲ ਰਿਹਾ ਹੈ।' ਕਿਤਾਬ ਦੀਆਂ ਕੁਝ ਲਾਇਨਾਂ ਅੱਗੇ ਪੜ੍ਹ ਕੇ ਕਿਤਾਬ ਦਾ ਪੰਨਾ ਮੋੜ ਕੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾ ਕੇ ਫਾਂਸੀ ਦੇ ਤਖ਼ਤੇ ਵੱਲ ਤੁਰ ਪਿਆ ਤੇ ਆਪਣੇ ਪਿਆਰੇ ਵਤਨ ਦੀ ਮਿੱਟੀ ਲਈ ਹੱਸਦਾ-ਹੱਸਦਾ ਸ਼ਹੀਦ ਹੋ ਗਿਆ।

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਦੇਸ਼ ਪ੍ਰਤੀ ਵਿਚਾਰਧਾਰਾ ਨੂੰ ਅੱਜ ਫਿਰ ਨਵੇਂ ਸਿਰਿਓਂ ਘੋਖਣ ਅਤੇ ਵਿਚਾਰਨ ਦੀ ਲੋੜ ਹੈ। ਉਨ੍ਹਾਂ ਦੇ ਆਦਰਸ਼ਾਂ ਨੂੰ ਸਮਝਣ ਦੀ ਲੋੜ ਹੈ। ਉਹ ਕਿਸ ਤਰ੍ਹਾਂ ਦੇ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਅਤੇ ਅੱਜ ਸਾਡੇ ਸਮਾਜ ਦੇ ਕੀ ਹਾਲਾਤ ਬਣ ਰਹੇ ਹਨ ਇਸ 'ਤੇ ਵੱਡੀ ਪੱਧਰ 'ਤੇ ਚਰਚਾ ਕਰਨ ਦੀ ਲੋੜ ਹੈ। ਜਿਸ ਦੇਸ਼ ਵਿਚ ਜਵਾਨੀ ਦਾ ਕੋਈ ਭਵਿੱਖ ਨਾ ਹੋਵੇ, ਲੱਖਾਂ ਬੇਰੁਜ਼ਗਾਰ ਮੁੰਡੇ-ਕੁੜੀਆਂ ਡਿਗਰੀਆਂ, ਡਿਪਲੋਮੇ ਚੁੱਕੀ ਦਰ-ਬ-ਦਰ ਦੀਆਂ ਠੋਕਰਾਂ ਖਾ ਰਹੇ ਹੋਣ, ਜਿਸ ਮੁਲਕ ਦਾ ਹਰ ਪੜ੍ਹਿਆ-ਲਿਖਿਆ ਬੰਦਾ ਇਹ ਸੋਚਦਾ ਹੈ ਕਿ ਕਿਸੇ ਤਰ੍ਹਾਂ ਵੱਡੀ ਰਕਮ ਖਰਚ ਕੇ ਇਸ ਦੇਸ਼ ਨੂੰ ਛੱਡ ਕੇ ਉਹ ਕਿਤੇ ਬਾਹਰ ਜਾ ਵੱਸੇ ਤਾਂ ਕਿ ਉਸ ਦਾ ਅਤੇ ਉਸ ਦੀ ਔਲਾਦ ਦਾ ਭਵਿੱਖ ਸੁਰੱਖਿਅਤ ਹੋ ਜਾਵੇ। ਕੀ ਇਹ ਉਹ ਦੇਸ਼ ਹੈ, ਜਿਸ ਲਈ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ, ਗਦਰੀ ਬਾਬਿਆਂ ਅਤੇ ਅਨੇਕਾਂ ਹੋਰ ਸ਼ਹੀਦਾਂ ਨੇ ਸਖ਼ਤ ਸਜ਼ਾਵਾਂ ਝੱਲੀਆਂ, ਘਰ ਪਰਿਵਾਰ ਤਿਆਗੇ, ਦੇਸ਼ ਦੇ ਚੰਗੇ ਭਵਿੱਖ ਲਈ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆਂ, ਕਾਲ ਕੋਠੜੀਆਂ ਵਿਚ ਆਪਣੇ ਤਨ ਗਾਲੇ, ਕਾਲੇ ਪਾਣੀਆਂ ਦੀਆਂ ਮੌਤਾਂ ਤੋਂ ਵੀ ਬੁਰੀਆਂ ਸਜ਼ਾਵਾਂ ਝੱਲੀਆਂ। ਹਰ ਸਾਲ 15 ਅਗਸਤ ਨੂੰ ਭਾਵੇਂ ਆਜ਼ਾਦੀ ਦੇ ਸਰਕਾਰੀ ਜਸ਼ਨ ਮਨਾਏ ਜਾਂਦੇ ਹਨ ਪਰ ਇਹ ਆਜ਼ਾਦੀ ਸਾਡੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ ਹੈ। ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੁਣ ਫਿਰ ਦੇਸ਼ ਨੂੰ ਇਕ ਹੋਰ ਵੱਡੇ ਇਨਕਲਾਬ ਦੀ ਲੋੜ ਹੈ, ਕਿਉਂਕਿ ਭਗਤ ਸਿੰਘ ਨੇ ਕਿਹਾ ਸੀ, 'ਅੰਗਰੇਜ਼ੀ ਗੁਲਾਮੀ ਵਿਰੁੱਧ ਸੰਘਰਸ਼ ਤਾਂ ਸਾਡੇ ਸੰਗਰਾਮ ਦਾ ਪਹਿਲਾ ਮੋਰਚਾ ਹੈ, ਅੰਤਿਮ ਲੜਾਈ ਤਾਂ ਅਸੀਂ ਲੁੱਟ-ਖਸੁੱਟ ਦੇ ਖਿਲਾਫ਼ ਲੜਨੀ ਹੈ।'

# ਪ੍ਰਦੂਸ਼ਣ ਇੱਕ ਸਮੱਸਿਆ

ਅੱਜ ਮੈਂ ਤੁਹਾਡਾ ਨਾਲ ਇੱਕ ਅਜਿਹੇ ਮੁੱਦੇ 'ਤੇ ਗੱਲ ਕਰਨ ਜਾ ਰਹੀ ਹਾਂ, ਜਿਸ ਬਾਰੇ ਅਸੀਂ ਬਹੁਤ ਚੰਗੀ ਤਰ੍ਹਾਂ ਜਾਣਦੇ ਹਾਂ ਪਰ ਸ਼ਾਇਦ ਹੀ ਸਾਡੇ ਵਿੱਚੋਂ ਕੋਈ ਹੋਵੇ ਜੋ ਇਸ ਲਈ ਕੁਝ ਉਪਾਅ ਕਰਦਾ ਹੋਵੇ।

ਅੱਜ ਸੰਸਾਰ ਭਰ ਵਿੱਚ ਪ੍ਰਦੂਸ਼ਣ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪ੍ਰਦੂਸ਼ਣ ਦਾ ਮਤਲਬ ਹੈ ਪ੍ਰਾਂਕਿਰਤਿਕ ਵਾਤਾਵਰਣ ਵਿੱਚ ਕੁਝ ਅਣਚਾਹੀਆਂ ਤਬਦੀਲੀਆਂ ਦਾ ਆ ਜਾਣਾ। ਜਦੋਂ ਪਾਣੀ ਤੇ ਹਵਾ ਵਿੱਚ ਗੰਧਲਾਪਣ ਆ ਜਾਂਦਾ ਹੈ ਤਾਂ ਜੀਵਾਂ, ਪੌਦਿਆਂ ਆਦਿ 'ਤੇ ਭੈੜਾ ਅਸਰ ਪੈਂਦਾ ਹੈ। ਅੱਜ ਦਾ ਮਨੁੱਖ ਪ੍ਰਦੂਸ਼ਣ ਦੀ ਇਸ ਸਮੱਸਿਆ ਤੋਂ ਬੜਾ ਪ੍ਰੇਸ਼ਾਨ ਹੈ, ਕਿਉਂਕਿ ਇਸ ਤੋਂ ਅਨੇਕਾਂ ਕਿਸਮ ਦੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਪ੍ਰਦੂਸ਼ਣ ਕਈ ਕਾਰਨਾਂ ਕਾਰਨ ਦੁਆਰਾ ਪੈਦਾ ਹੁੰਦਾ ਹੈ। ਮੁੱਖ ਤੌਰ 'ਤੇ ਇਹ ਹਵਾ-ਪਾਣੀ ਅਤੇ ਜ਼ਿਆਦਾ ਉੱਚੀ ਆਵਾਜ਼ ਤੋਂ ਪੈਦਾ ਹੁੰਦਾ ਹੈ। ਹਵਾ ਪ੍ਰਦੂਸ਼ਣ ਕਈ ਸਾਧਨਾਂ ਦੁਆਰਾ ਪੈਦਾ ਹੁੰਦਾ ਹੈ। ਜਦੋਂ ਕਾਰਖਾਨਿਆਂ ਦਾ ਗਲਿਆ-ਸੜਿਆ ਕਚਰਾ ਬਾਹਰ ਸੁੱਟ ਦਿੱਤਾ ਜਾਂਦਾ ਹੈ ਤੇ ਇਸ ਦੀ ਬਦਬੂ ਹਵਾ ਵਿੱਚ ਮਿਲ ਕੇ ਇਸ ਨੂੰ ਪ੍ਰਦੂਸ਼ਿਤ ਕਰਦੀ ਹੈ। ਫੈਟਕਰੀਆਂ, ਮੋਟਰ ਗੱਡੀਆਂ ਆਦਿ ਦਾ ਧੂੰਆਂ ਵੀ ਹਵਾ ਪ੍ਰਦੂਸ਼ਣ ਦਾ ਕਾਰਣ ਬਣਦਾ ਹੈ। ਇਨ੍ਹਾਂ ਮੋਟਰ ਗੱਡੀਆਂ ਨਾਲ ਘੱਟਾ-ਮਿੱਟੀ ਹਵਾ ਵਿੱਚ ਰਲ ਕੇ ਵਾਤਾਵਰਣ ਨੂੰ ਗੰਦਾ ਕਰਦਾ ਹੈ। ਘਰੇਲੂ ਬਾਲਣ, ਕੋਲਾ, ਤੇਲ, ਕੀਟਨਾਸ਼ਕ ਤੇ ਨਦੀਨ ਨਾਸ਼ਕ ਦਵਾਈਆਂ ਦਾ ਛਿੜਕਾਅ ਹਵਾ ਨੂੰ ਗੰਧਲਾ ਕਰਦੇ ਹਨ। ਇਸ ਤਰ੍ਹਾਂ ਹਵਾ ਵਿੱਚ ਪ੍ਰਦੂਸ਼ਣ ਪੈਦਾ ਹੁੰਦਾ ਹੈ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਹਵਾ ਰਾਹੀਂ ਇਹ ਗੰਦੀਆਂ ਗੈਸਾਂ ਮਨੁੱਖ ਦੇ ਮੂੰਹ, ਨੱਕ ਅਤੇ ਗਲੇ ਅੰਦਰ ਜਾਂਦੀਆਂ ਹਨ। ਇਹ ਮਨੁੱਖ ਨੂੰ ਅੱਖਾਂ ਦੇ ਰੋਗ, ਸਿਰ ਦਰਦ, ਸਾਹ ਨਲੀ ਦਾ ਕੈਂਸਰ ਆਦਿ ਬਿਮਾਰੀਆਂ ਪੈਦਾ ਕਰਦੀਆਂ ਹਨ। ਹਵਾ ਵਾਂਗ ਪ੍ਰਦੂਸ਼ਣ ਵੀ ਕਈ ਸਾਧਨਾਂ ਰਾਹੀਂ ਪੈਦਾ ਹੁੰਦਾ ਹੈ। ਕਾਰਖਾਨਿਆਂ ਦਾ ਗੰਦਾ ਪਾਣੀ ਅਤੇ ਘਰੇਲੂ ਗੰਦਾ ਪਾਣੀ ਨਦੀਆਂ ਵਿੱਚ ਡਿੱਗਦਾ ਹੈ। ਇਸ ਪਾਣੀ ਵਿੱਚ ਹਾਨੀਕਾਰਕ ਰਸਾਇਣਕ ਪਦਾਰਥ ਘੁਲੇ ਹੋਏ ਹੁੰਦੇ ਹਨ। ਇਹ ਨਦੀਆਂ ਦੇ ਪਾਣੀ ਨੂੰ ਜ਼ਹਿਰੀਲਾ ਕਰ ਦਿੰਦੇ ਹਨ। ਇਸ ਨਾਲ ਜਲ-ਜੀਵਾਂ ਦਾ ਜੀਵਨ ਖਤਰੇ ਵਿੱਚ ਪੈ ਜਾਂਦਾ ਹੈ। ਇਸ ਨਾਲ ਹੈਜ਼ਾ, ਮਿਆਦੀ ਬੁਖਾਰ ਅਤੇ ਦਸਤ ਵਰਗੀਆਂ ਬਿਮਾਰੀਆਂ ਫੈਲਦੀਆਂ ਹਨ।

ਧੁਨੀ ਪ੍ਰਦੂਸ਼ਣ ਵੀ ਵੱਡੀਆਂ-ਵੱਡੀਆਂ ਫੈਕਟਰੀਆਂ ਅਤੇ ਸ਼ਹਿਰਾਂ ਦੇ ਰੌਲੇ-ਰੱਪੇ ਤੋਂ ਪੈਦਾ ਹੁੰਦਾ ਹੈ। ਅੱਜ-ਕੱਲ੍ਹ ਫੈਕਟਰੀਆਂ, ਘਰਾਂ, ਸਕੂਲਾਂ ਅਤੇ ਹਸਪਤਾਲਾਂ ਆਦਿ ਦੇ ਨੇੜੇ ਬਣ ਗਈਆਂ ਹਨ, ਜਿਸ ਨਾਲ ਆਮ ਜ਼ਿੰਦਗੀ 'ਤੇ ਇਸ ਦਾ ਬਹੁਤ ਅਸਰ ਹੋ ਰਿਹਾ ਹੈ। ਸ਼ਹਿਰਾਂ ਜਾਂ ਪਿੰਡਾਂ ਵਿੱਚ ਲਾਊਡ ਸਪੀਕਰਾਂ ਦਾ ਉੱਚੀ-ਉੱਚੀ ਵੱਜਣਾ ਵੀ ਧੁਨੀ ਪ੍ਰਦੂਸ਼ਣ ਦਾ ਕਾਰਣ ਬਣਦਾ ਹੈ। ਉੱਚੀਆਂ ਆਵਾਜ਼ਾਂ ਦਾ ਅਸਰ ਸਿਰਫ਼ ਕੰਨਾਂ 'ਤੇ ਹੀ ਨਹੀਂ, ਬਲਕਿ ਬਲੱਡ ਪ੍ਰੈਸ਼ਰ, ਸਿਰ ਦਰਦ, ਦਿਲ ਦੀ ਹਰਕਤ ਆਦਿ ਵਰਗੀਆਂ ਬਿਮਾਰੀਆਂ ਪੈਦਾ ਕਰਦਾ ਹੈ।

ਅੱਜ ਹਰ ਕੋਈ ਇਸੇ ਸੋਚ ਵਿੱਚ ਡੁੱਬਿਆ ਹੋਇਆ ਹੈ ਕਿ ਇਸ ਪ੍ਰਦੂਸਣ ਜਿਹੀ ਬਿਮਾਰੀ ਤੋਂ ਕਿਵੇਂ ਬਚਿਆ ਜਾਵੇ? ਇਸ ਵਾਸਤੇ ਕਾਫ਼ੀ ਜੱਦੋ-ਜਹਿਦ ਦੀ ਲੋੜ ਹੈ। ਸਭ ਤੋਂ ਪਹਿਲਾਂ ਤਾਂ ਹਵਾ ਅਤੇ ਧੁਨੀ ਪ੍ਰਦੂਸ਼ਣ ਤੋਂ ਬਚਣ ਲਈ ਇਹ ਜ਼ਰੂਰੀ ਹੈ ਕਿ ਸਨਅਤੀ ਅਦਾਰੇ ਸ਼ਹਿਰਾਂ ਅਤੇ ਰਿਹਾਇਸ਼ੀ ਇਲਾਕਿਆਂ ਤੋਂ ਦੂਰ ਹੋਣੇ ਚਾਹੀਦੇ ਹਨ। ਫੈਕਟਰੀਆਂ ਦੀਆਂ ਧੂੰਏਂ ਵਾਲੀਆਂ ਚਿਮਨੀਆਂ ਉੱਚੀਆਂ-ਉੱਚੀਆਂ ਹੋਣੀਆਂ ਚਾਹੀਦੀਆਂ ਹਨ। ਸੀਵਰੇਜ਼ ਦੇ ਗੰਦੇ ਪਾਣੀ ਨੂੰ ਸ਼ੁੱਧ ਕਰਕੇ ਅਸੀਂ ਜਲ ਪ੍ਰਦੂਸ਼ਣ ਨੂੰ ਰੋਕਣ ਵਿੱਚ ਕਾਮਯਾਬ ਹੋ ਸਕਦਾ ਹਾਂ। ਪੈਟਰੋਲ ਅਤੇ ਡੀਜ਼ਲ ਵਾਲੀਆਂ ਗੱਡੀਆਂ ਦੀ ਸਮੇਂ-ਸਮੇਂ ਜਾਂਚ ਕਰਵਾਈ ਜਾਵੇ ਅਤੇ ਇਨ੍ਹਾਂ ਨੂੰ 'ਓਵਰਲੋਡ' ਹੋਣ ਤੋਂ ਰੋਕਿਆ ਜਾਵੇ। ਜੰਗਲਾਂ ਨੂੰ ਕੱਟਣ 'ਤੇ ਰੋਕ ਲਗਾਈ ਜਾਵੇ ਅਤੇ ਵੱਧ ਤੋਂ ਵੱਧ ਰੁੱਖ ਲਗਾਏ ਜਾਣੇ ਚਾਹੀਦੇ ਹਨ।

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਜ਼ਰੂਰੀ ਹੈ ਮਾਪਿਆਂ ਦਾ ਬੱਚਿਆਂ ਨਾਲ ਵਕਤ ਬਿਤਾਉਣਾ

ਮਨੁੱਖ ਨੂੰ ਵਧਣ ਫੁਲਣ, ਖੁਸ਼ਹਾਲ ਰਹਿਣ ਲਈ ਜਿੰਨੀਂ ਸਾਹ, ਖਾਣੇ ਪਾਣੀ, ਦੀ ਜ਼ਰੂਰਤ ਹੈ ਉਨੀਂ ਹੀ ਮਾਨਸਿਕ ਸਿਹਤ ਲਈ ਅਪਣਤ, ਪਿਆਰ, ਮੋਹ ਦੀਆਂ ਤੰਦਾਂ ਦੀ ਵੀ ਲੋੜ ਰਹਿੰਦੀ ਹੈ। ਭਾਵਨਾਵਾਂ ਦੇ ਵਹਾਅ ਨੂੰ ਚਲਦਾ ਰਖਣ ਲਈ ਆਪਨਿਆਂ ਲਈ ਥੋੜ੍ਹਾ ਜਿਹਾ ਪਿਆਰ, ਸਤਿਕਾਰ, ਪਰਵਾਹ, ਫਿਕਰ ਵੀ ਜ਼ਰੂਰੀ ਹੈ। ਇਹ ਸਾਰੀਆਂ ਭਾਵਨਾਵਾਂ ਹਸੇ ਠਠੇ, ਰੁੱਸਣਾ ਮਨਾਉਣਾ ਮਨੱਖੀ ਜੀਵਨ ਵਿਚ ਤਾਜ਼ਗੀ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹਨ। ਪਿਆਰ, ਸਨੇਹ ਦੀ ਗਲਾਂ ਜਿੱਥੇ ਸਹਿਮੇ ਹੋਏ ਦਿਲਾਂ ਨੂੰ ਧਰਵਾਸ ਦੇ ਫਿਰ ਤੋਂ ਧੜਕਣਾਂ ਲਾ ਦਿੰਦੀਆਂ ਉੱਥੇ ਜ਼ਿੰਦਗੀ ਤੋਂ ਮੂੰਹ ਫੇਰੀ ਬੈਠਿਆ ਨੂੰ ਦੁਬਾਰਾ ਜੀਣ ਲਈ ਉਕਸਾਉਂਦੀਆਂ ਹਨ।

ਅਸੀਂ ਤਰੱਕੀ ਦੇ ਰਾਹ ਤੇ ਤੁਰ ਰਹੇ ਹਾਂ, ਇਸਦੇ ਚਲਦਿਆਂ ਸਾਡਾ ਜੀਵਨ ਜਿਉਣ ਦੇ ਢੰਗ ਬਦਲ ਰਹੇ ਹਨ, ਸਾਡੀਆਂ ਕਦਰਾਂ ਕੀਮਤਾਂ ਬਦਲ ਰਹੀਆਂ ਹਨ ਅਤੇ ਸਾਡੀਆਂ ਤਰਜੀਹਾਂ ਬਦਲ ਰਹੀਆਂ ਹਨ। ਤਿਉਹਾਰਾਂ ਨੂੰ ਮਨਾਉਣ ਦੇ ਤਰੀਕੇ ਬਦਲ ਰਹੇ ਹਨ, ਬਚਿਆਂ ਦੀਆਂ ਖੇਡਾਂ ਬਦਲ ਰਹੀਆਂ ਹਨ, ਸਭ ਤੋਂ ਵਡੀ ਗਲ ਇਨਸਾਨੀ ਸੁਭਾਅ ਬਦਲ ਰਹੇ ਹਨ। ਅਜ ਮਨੁੱਖ ਆਪਣੀ ਤਰਕੀ, ਪੈਸੇ ਨੂੰ ਤਰਜੀਹ ਦੇ ਰਿਹਾ ਹੈ, ਇਸ ਦੌੜ ਵਿਚ ਉਹ ਪਿਛੇ ਕੀ ਕੁਝ ਛਡੀ ਜਾ ਰਿਹਾ ਹੈ, ਉਸਦਾ ਅਹਿਸਾਸ ਉਸਨੂੰ ਸਮਾਂ ਲੰਘੇ ਤੋਂ ਹੋ ਰਿਹਾ ਹੈ ਤੇ ਕੁਝ ਨੂੰ ਹੋਵੇਗਾ।

ਯੂਨੀਸੈਫ (Unicef) ਦੇ ਇਕ ਸਰਵੇਖਣ ਦੇ ਅਨੁਸਾਰ ਆਉਣ ਵਾਲਾ ਸਮਾਂ ਬਚਿਆਂ ਦੀ ਮਾਨਸਿਕ ਸਿਹਤ ਲਈ ਬਹੁਤ ਚਣੌਤੀਆਂ ਭਰਭੂਰ ਹੋਵੇਗਾ, ਇਸ ਸਰਵੇਖਣ ਦੀ ਰਿਪੋਰਟ ਵਿਚ ਇਹ ਵੀ ਦਸਿਆ ਗਿਆ ਹੈ ਕਿ ਨਬਾਲਗ ਅਤੇ ਬਾਲਗ ਬਚੇ ਇਕੱਲਤਾ ਦੇ ਸ਼ਿਕਾਰ ਹੋ ਮਾਨਸਿਕ ਬਿਮਾਰੀਆਂ ਨਾਲ ਜੂਝਣਗੇ ਜਿਸ ਦਾ ਸਭ ਦਾ ਸਭ ਤੋਂ ਵਡਾ ਕਾਰਣ ਪਰਿਵਾਰ ਵਿਚ ਸੰਚਾਰ ਪਾੜਾ (Communication Gap) ਹੋਵੇਗਾ। ਜੋ ਇਸ ਸਰਵੇਖਣ ਵਿਚ ਸੰਕੇਤ ਦਿਤੇ ਗਏ ਹਨ, ਉਸਦੇ ਚਿੰਨ ਸਾਨੂੰ ਨਜ਼ਰ ਆ ਰਹੇ ਹਨ। ਅਜ ਬਹੁਤ ਸਾਰੇ ਮਾਪੇ ਆਪਣੇ ਬਚਿਆਂ ਦੀ ਬੇਰੁਖੀ, ਅਨੁਸ਼ਾਸਨਹੀਣਤਾ, ਖਾਣਾ ਨਾ ਖਾਣ, ਮੋਬਾਇਲ ਜ਼ਿਆਦਾ ਵਰਤਣ, ਆਦਿ ਆਦਤਾਂ ਤੋਂ ਪਰੇਸ਼ਾਨ ਨਜ਼ਰ ਆਉਂਦੇ ਹਨ। ਬਹੁਤ ਸਾਰੇ ਬਚੇ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਹਨ, ਕਈ ਵਾਰ ਇਹ ਬਿਮਾਰੀਆਂ ਆਪਣੀ ਆਖਰੀ ਹਦ ਤਕ ਪਹੁੰਚ ਜਾਂਦੀਆਂ ਹਨ ਅਤੇ ਆਤਮਹਤਿਆ ਦੇ ਰੂਪ ਵਿਚ ਜਵਾਨ ਬਚੇ ਬਚੀਆਂ ਦੇ ਜੀਵਨ ਨੂੰ ਖਾ ਜਾਂਦੀਆਂ ਹਨ।

ਇਹਨਾਂ ਸਭ ਹਲਾਤਾਂ ਦਾ ਮੁਖ ਕਾਰਨ ਬਚਿਆਂ ਨੂੰ ਅਪਣਤ ਦੀ ਪਈ ਘਾਟ ਹੈ। ਭਾਵੇਂ ਮਾਪੇ ਆਪਣੇ ਅਤੇ ਆਪਣੇ ਬਚੇ ਦੇ ਸੁਖਦ ਤੇ ਐਸ਼ੋ ਆਰਾਮ ਲਈ ਦਿਨ ਰਾਤ ਮਿਹਨਤ ਕਰਦੇ ਹੋਣ, ਪਰ ਇਸ ਸਭ ਦੇ ਚਲਦਿਆਂ ਬਚਿਆਂ ਦੀਆਂ ਭਾਵਨਾਤਮਕ ਲੋੜਾਂ ਨੂੰ ਅਖੋਂ ਪਰੋਖਿਆਂ ਕਰ ਦਿੰਦੇ ਹਨ। ਮਾਪੇ ਸਵੇਰ ਤੋਂ ਦਫਤਰਾਂ ਵਿਚ ਬਚੇ ਸਕੂਲ ਵਿਚ, ਸ਼ਾਮ ਨੂੰ ਖਾਣਾ ਖਾ ਸਾਰੇ ਆਪੋ ਆਪਣਿਆਂ ਕਮਰਿਆਂ ਵਿਚ! ਅਜ ਬਹੁਤਾਤ ਜ਼ਿੰਦਗੀਆਂ ਇਸੇ ਰੂਟੀਨ ਦੇ ਅਨੁਸਾਰ ਚਲ ਰਹੀਆਂ ਹਨ।

ਪਰਿਵਾਰਾਂ ਦਾ ਆਪਸ ਵਿਚ ਬੈਠ ਗਲਾਂ ਕਰਨੀਆਂ, ਹਾਸੇ ਠਠੇ, ਰਿਸ਼ਤੇਦਾਰਾਂ ਦਾ ਇਕਠੇ ਹੋਣਾ, ਇਕ ਦੂਸਰਿਆਂ ਦੀਆਂ ਮੁਸ਼ਕਿਲਾਂ ਨੂੰ ਸੁਣਨਾ, ਸਮਝਣਾ, ਆਦਿ ਸਭ ਪਿਛੇ ਛੁਟਦਾ ਜਾ ਰਿਹਾ ਹੈ। ਇਸ ਸਭ ਵਿਚ ਬਚੇ ਸਭ ਤੋਂ ਵਡੀ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ। ਬਚਿਆਂ ਨੂੰ ਮਾਪਿਆਂ ਦੇ ਸਮੇਂ ਅਤੇ ਸਾਥ ਦੀ ਬਹੁਤ ਜ਼ਰੂਰਤ ਹੁੰਦੀ ਹੈ। ਜੇਕਰ ਮਾਪੇ ਆਪਣੇ ਬਚੇ ਨੂੰ ਸਮਾਂ ਨਹੀਂ ਦੇ ਰਹੇ ਤਾਂ ਮਾਪਿਆਂ ਕੋਲ ਬਚੇ ਤੋਂ ਕਿਸੇ ਵੀ ਤਰ੍ਹਾਂ ਦੀ ਆਸ ਰਖਣ ਅਤੇ ਉਸਦੇ ਗਲਤ ਵਿਵਹਾਰ ਦੀ ਚਿੰਤਾਂ ਜਾਹਿਰ ਕਰਨ ਦਾ ਕੋਈ ਹਕ ਨਹੀਂ ਰਹਿ ਜਾਂਦਾ। ਬਚੇ ਨੂੰ ਪੂਰਾ ਸਮਾਂ ਦੇਣਾ, ਉਸਦੀਆਂ ਆਰਥਿਕ ਅਤੇ ਭਾਵਨਾਤਮਿਕ ਜ਼ਰੂਰਤਾਂ ਦਾ ਧਿਆਨ ਰਖਣਾ, ਉਸਦੀਆਂ ਮੁਸ਼ਕਿਲਾਂ ਨੂੰ ਸੁਣਨਾ ਤੇ ਹਲ ਕਰਨਾ, ਮਾਪਿਆਂ ਦੀ ਪਹਿਲੀ ਜ਼ਿੰਮੇਵਾਰੀ ਹੈ। ਜਿਸ ਤੇਜ਼ ਰਫ਼ਤਾਰ ਨਾਲ ਮਾਨਸਿਕ ਬਿਮਾਰੀਆਂ ਵਧ ਰਹੀਆਂ ਹਨ, ਅਜਿਹੇ ਵਿਚ ਮੈਨੂੰ ਲਗਦਾ ਹੈ ਕਿ ਚਾਰ ਪੈਸੇ ਘਟ ਨਾਲ ਤਾਂ ਗੁਜ਼ਾਰਾ ਹੋ ਸਕਦਾ ਪਰੰਤੂ ਜਿਸ ਪੀੜਾ ਵਿਚ ਬਚੇ ਨਿਕਲਦੇ ਹਨ, ਉਹ ਬਹੁਤ ਭਿਆਨਕ ਹੈ। ਬਚਿਆਂ ਦਾ ਜ਼ਿੰਦਗੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਜੀਵਨ ਤੋਂ ਮਨ ਚੁਕਿਆ ਜਾਂਦਾ ਹੈ, ਉਦਾਸ, ਚਿੰਤਾਤੁਰ , ਮੁਰਝਾਏ ਚਿਹਰਿਆਂ ਤੋਂ ਰੌਣਕਾਂ ਉਡੀਆਂ ਰਹਿੰਦੀਆਂ ਹਨ। ਇਸਦਾ ਇਕ ਹੋਰ ਕਾਰਣ ਵੀ ਹੈ, ਜਿਸ ਵਿਚ ਮਾਪੇ ਬਚਿਆਂ ਤੋਂ ਬਹੁਤ ਜ਼ਿਆਦਾ ਇਛਾਵਾਂ ਰਖ ਲੈਂਦੇ ਹਨ, ਪਰ ਉਹਨਾਂ ਨੂੰ ਪੂਰਿਆਂ ਕਰਨ ਲਈ ਉਹਨਾਂ ਦਾ ਸਾਥ ਨਹੀਂ ਦਿਤਾ ਜਾਂਦਾ ਬਸ ਨਤੀਜੇ ਮੰਗੇ ਜਾਂਦੇ ਹਨ। ਇਸ ਨਾਲ ਬਚਿਆਂ ਤੇ ਮਾਨਸਿਕ ਬੋਝ ਵਧਦਾ ਹੈ, ਅਤੇ ਬਚੇ ਉਦਾਸ, ਚਿੜਚਿੜੇ ਅਤੇ ਨਾਖੁਸ਼ ਰਹਿਣ ਲਗਦੇ ਹਨ।

ਮਾਪਿਆਂ ਨੂੰ ਇਹ ਜ਼ਰੂਰ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਬਚੇ ਸਿਰਫ਼ ਉਹਨਾਂ ਦੇ ਪਰਿਵਾਰ ਦਾ ਹੀ ਹਿਸਾ ਨਹੀਂ ਬਲਕਿ ਸਮਾਜ ਦਾ ਵੀ ਹਿਸਾ ਹਨ। ਅਜਿਹੇ ਬਚੇ ਜੋ ਮਾਨਸਿਕ ਤੌਰ ਤੇ ਪਰੇਸ਼ਾਨ ਹੋਣਗੇ ਉਹ ਭਵਿਖ ਵਿਚ ਇਕ ਚੰਗੇ ਸਮਾਜ ਦਾ ਨਿਰਮਾਣ ਕਿਵੇਂ ਕਰਨਗੇ? ਇਕ ਚੰਗੇ ਸਮਾਜ ਦੀ ਸਿਰਜਣਾ ਲਈ ਚੰਗੇ ਬਚਿਆਂ ਦਾ ਹੋਣਾ ਬਹੁਤ ਜ਼ਰੂਰੀ ਹੈ, ਤਾਂ ਜੋ ਭਵਿੱਖ ਵਿਚ ਉਹ ਸਮਾਜ ਦੀ ਬਿਹਤਰੀ ਲਈ ਸੋਚ ਸਕਣ। ਬਚਿਆਂ ਨੂੰ ਪੈਦਾ ਕਰਨ ਤੋਂ ਬਾਅਦ ਉਹਨਾਂ ਦੀ ਹਰ ਆਰਥਿਕ ਅਤੇ ਭਾਵਨਾਤਮਕ ਲੋੜ ਦਾ ਧਿਆਨ ਰਖਿਆ ਜਾਵੇ, ਉਹਨਾਂ ਦੇ ਦਿਲ ਨੂੰ ਫਰੋਲਿਆ ਜਾਵੇ, ਇਹਨਾਂ ਮੁਰਝਾਏ ਚਿਹਰਿਆਂ ਦੀ ਰੰਗਤ ਵਾਪਿਸ ਲਿਆਉਣ ਦਾ ਆਸਾਨ ਤਰੀਕਾ ਇਹੀ ਹੈ ਕਿ ਸਮਾਂ ਰਹਿੰਦਿਆਂ ਬਚਿਆਂ ਨੂੰ ਅਪਣਤਾ ਨਾਲ ਪਾਲਿਆ ਜਾਵੇ, ਉਹਨਾਂ ਦੀ ਹੌਂਸਲਾ ਅਫਜਾਈ ਕੀਤੀ ਜਾਵੇ, ਚੰਗੇ ਮਾੜੇ ਦੀ ਪਰਖ ਕਰਨੀ ਸਿਖਾਈ ਜਾਵੇ ਤੇ ਹਰ ਕਦਮ ਤੇ ਉਹਨਾਂ ਦਾ ਸੁਰਖਿਆ ਕਵਚ ਬਣ ਨਾਲ ਖੜ੍ਹਿਆ ਜਾਵੇ। ਇਸ ਲਈ ਮਾਪਿਆਂ ਦਾ ਬਚਿਆਂ ਨਾਲ ਸਮਾਂ ਬਿਤਾਉਣਾ ਬਹੁਤ ਜ਼ਰੂਰੀ ਹੈ, ਤਾਂ ਜੋ ਬਚਿਆਂ ਦਾ ਸਰਵਪੱਖੀ ਵਿਕਾਸ ਸੰਭਵ ਹੋ ਸਕੇ।

**ਹਰਕੀਰਤ ਕੌਰ**

# ਹੱਸਦਿਆਂ ਦੇ ਘਰ ਵਸਦੇ

ਪ੍ਰੋ. ਜਸਵੰਤ ਸਿੰਘ ਗੰਡਮ

ਅੰਗਰੇਜ਼ੀ ਦਾ ਅਖਾਣ ਹੈ ਕਿ ਜਦ ਤੁਸੀਂ ਹੱਸਦੇ ਹੋ ਤਾਂ ਤੁਹਾਡੇ ਨਾਲ ਜਗ ਹੱਸਦਾ ਹੈ ਪਰ ਜਦ ਤੁਸੀਂ ਰੋਂਦੇ ਹੋ ਤਾਂ ਤੁਸੀਂ ਇਕੱਲੇ ਹੀ ਰੋਂਦੇ ਹੋ। ਭਾਵ ਖੁਸ਼ੀ ਦੇ ਸਾਥੀ ਸਭ ਤੇ ਗਮੀ ਦਾ ਕੋਈ ਨਹੀਂ।

ਹੱਸਣਾ-ਰੋਣਾ ਮਾਨਵੀ ਭਾਵਨਾਵਾਂ ਹਨ। ਦੁੱਖ/ਗ਼ਮ ਵੇਲੇ ਅੱਥਰੂ ਟਪਕ ਪੈਂਦੇ ਹਨ ਤੇ ਸੁੱਖ/ਖੁਸ਼ੀ ਵੇਲੇ ਹਾਸੇ ਫੁੱਟ ਪੈਂਦੇ ਹਨ।

ਪਰ ਇੱਥੇ ਆਪਾਂ ਹਾਸੇ ਦੀ ਗੱਲ ਹੀ ਕਰਾਂਗੇ (ਰੋਣੇਂ ਤਾਂ ਜ਼ਿੰਦਗੀ 'ਚ ਉਂਜ ਹੀ ਬਥੇਰੇ ਐ, ਫਿਰ ਭਲਾ ਇਹਨਾਂ ਦੀ ਗੱਲ ਕੀ ਕਰਨੀ)।

ਕਹਿੰਦੇ ਹਨ 'ਹੱਸਦਿਆਂ ਦੇ ਘਰ ਵਸਦੇ'! ਪਰ ਇਹ ਵੀ ਕਹਿੰਦੇ ਹਨ ਕਿ 'ਕਲਾ ਕਲੰਦਰ ਵੱਸੇ ਤਾਂ ਘੜਿਉਂ ਪਾਣੀ ਨੱਸੇ'! ਰੋਂਦੇ ਦਾ ਖਾਨਾ ਖਰਾਬ। ਜਿੱਥੇ ਕਲੇਸ਼ ਹੈ ਉੱਥੇ ਬਦਹਾਲੀ ਹੈ, ਜਿੱਥੇ ਖੇੜਾ ਹੈ ਉੱਥੇ ਖੁਸ਼ਹਾਲੀ! ਪ੍ਰਸਿੱਧ ਫਰਾਂਸੀਸੀ ਲੇਖਕ ਵਿਕਟਰ ਹਿਯੂਗੋ ਅਨੁਸਾਰ ਹਾਸਾ ਉਹ ਸੂਰਜ ਹੈ ਜੋ ਮਾਨਵੀ ਚਿਹਰੇ ਤੋਂ ਸਰਦੀ ਭਜਾ ਮਾਰਦੈ! ਰਾਬਰਟ ਫਲਗਮ ਅਨੁਸਾਰ ਹਾਸਾ ਗਮ ਦਾ ਵਾਹਿਦ ਇਲਾਜ ਹੈ!

ਹਾਸਾ ਉਹ ਜਿਹੜਾ ਧੁਰ ਅੰਦਰੋਂ ਫੁੱਟੇ, ਜਿਵੇਂ ਪਹਾੜ ਚੋਂ ਕੋਈ ਝਰਨਾਂ ਫੁੱਟਦਾ ਹੈ। ਐਂਵੇਂ ਹਿੜ ਹਿੜ ਕਰੀ ਜਾਣਾਂ ਜਾਂ ਦੰਦੀਆਂ ਕੱਢੀ ਜਾਣਾ ਬਚਗਾਨਾ ਹਰਕਤ ਐ।

ਠਹਾਕੇਦਾਰ ਹਾਸਾ ਢਿੱਡੋਂ ਨਿਕਲਦਾ ਹੈ, ਖੁਸ਼ੀ ਦਾ ਖੁੱਲ੍ਹਾ-ਡੁਲ੍ਹਾ ਪ੍ਰਗਟਾਵਾ।

ਮੁਸਕਰਾਹਟ/ਮੁਸਕਾਨ, ਮੀਚਵੇਂ, ਮਲਵੇਂ ਬੁੱਲ੍ਹਾਂ ਦੀ ਰੁਮਾਂਚਕਾਰੀ, ਮਨਮੋਹਕ ਇਬਾਰਤ ਹੁੰਦੀ ਹੈ, ਖੁਸ਼ੀ ਦਾ ਸਹਿਜ-ਭਾਅ ਪ੍ਰਗਟਾਵਾ।

ਸਹਿਜ ਹਾਸਾ ਸੁਭਾਵਿਕ ਹੁੰਦੈ, ਮੈਦਾਨਾਂ ਵਿਚ ਵਗ ਰਹੀ ਸ਼ਾਂਤ ਨਦੀ ਵਰਗਾ। ਇਕ ਮਾਸੂਮ ਬੱਚੇ ਦੀ ਜਾਦੂਮਈ ਕਿਲਕਾਰੀ ਕਾਦਰ ਦੀ ਕੁਦਰਤ ਦਾ ਧਰਤ 'ਤੇ ਸੁਰਗੀ ਹੁਲਾਰਾ ਹੁੰਦੈ! ਜਿਵੇਂ ਕਿਸੇ ਪਿੱਤਲ ਦੀ ਗਾਗਰ ਵਿਚ ਕੰਚੇ/ਬੰਟੇ ਖਨਕ ਰਹੇ ਹੋਣ!

ਪਰ ਕੁਝ ਲੋਕ ਏਦਾਂ ਹੱਸਣਗੇ ਜਿਵੇਂ ਡੱਡੂ ਵੱਖੀਆਂ ਫੁਲਾ ਕੇ ਗੜੈਂ ਗੜੈਂ ਕਰ ਰਹੇ ਹੋਣ। ਬੱਸ ਨਾਸਾਂ ਫੁਲਾ, ਮੂੰਹ ਬੰਦ ਰੱਖ ਢਿੱਡ ਹਲਾਈ ਜਾਣਗੇ। ਕਈ ਪੱਟਾਂ 'ਤੇ ਬਾਰ ਬਾਰ ਹੱਥ ਮਾਰ ਕੇ ਇਸ ਤਰਾਂ ਹੱਸਣਗੇ ਜਿਵੇਂ ਹੱਸ ਨਾਂ ਰਹੇ ਹੋਣ, ਕੋਈ ਪਿੱਟ ਸਿਆਪਾ ਕਰ ਰਹੇ ਹੋਣ। ਸ਼ਰਾਰਤੀ ਲੋਕ ਮੀਸਣਾ ਜਾਂ ਮਿੰਨ੍ਹਾ ਹਾਸਾ ਹੱਸਣਗੇ, ਕਈਆਂ ਦੀਆਂ ਅੱਖਾਂ ਹੱਸਣਗੀਆਂ ਅਤੇ ਕਈਆਂ ਦੀਆਂ ਮੁੱਛਾਂ। ਕੁਝ ਹੱਸਣ ਵੇਲੇ ਅੱਖਾਂ ਮੀਚ ਲੈਣਗੇ ਤੇ ਕੁਝ ਕੁ ਦੀਆਂ ਅੱਖਾਂ ਵਿਚ ਪਾਣੀ ਵਗਣ ਲਗ ਪਵੇਗਾ। ਕਈ ਜਣੇ ਇਕ ਵਾਰ ਲੰਮੀ ਸਾਰੀ 'ਫੀਂਹ' ਕਰਕੇ, ਫਿਰ ਬਸ ਪੇਟ ਭੁੜਕਾਈ ਜਾਣਗੇ!

ਇਕ ਕਪਟੀ/ ਕਮੀਨਾਂ ਹਾਸਾ ਵੀ ਹੁੰਦੈ, 'ਗੱਬਰ ਸਿੰਘੀ' ਹਾਸਾ। ਹਾਂ, ਸ਼ੋਲੇ ਫ਼ਿਲਮ ਦੇ ਖਲਨਾਇਕ ਵਾਲਾ ਹਾਸਾ ਜੋ ਉਹ ਕਾਲੀਆ ਤੇ ਉਸ ਦੇ ਦੋ ਹੋਰ ਸਾਥੀਆਂ ਨੂੰ ਗੋਲੀਆਂ ਨਾਲ ਭੁੰਨਣ ਤੋਂ ਪਹਿਲਾਂ ਹੱਸਦੈ, ਇਕ ਵਿਕਰਾਲ, ਡਰਾਵਣਾ ਹਾਸਾ। ਕਈ ਫ਼ਿਲਮਾਂ ਵਿਚ ਦਰਸਾਇਆ 'ਭੂਤ/ਚੁੜੈਲ ਹਾਸਾ' ਵੀ ਕੁਝ ਇਸ ਨਾਲ ਰਲਦਾ ਮਿਲਦਾ ਹੀ ਹੁੰਦਾ ਬੱਸ ਜ਼ਰਾ ਨਾਲ ਡਰਾਉਣੀਆਂ ਆਵਾਜ਼ਾਂ ਤੇ ਖੌਫਨਾਕ ਸਿਰਜੇ ਮਹੌਲ ਕਾਰਨ ਵਧੇਰੇ ਭਿਅੰਕਰ ਲਗਦੈ।

ਟਿੱਚਰ-ਟਕੋਰ, ਮਖੌਲ-ਮਸ਼ਕਰੀ, ਮਸਖਰਾਪਣ, ਦਿਲ ਲਗੀ, ਭੰਡਪਣ, ਜੋਕਰਗੀਰੀ, ਤਨਜ਼, ਛੇੜਖਾਨੀ ਆਦਿ ਵੀ ਕੁਝ ਹੱਦ ਤਕ ਹਾਸਾ-ਠੱਠਾ ਕਰਨ ਦੇ ਵੰਨ-ਸੁਵੰਨੇਂ ਮਾਧਿਅਮ ਹਨ ਪਰ ਇਹਨਾਂ ਦੀ ਬਹੁਤੀ 'ਡੋਜ਼' ਕਈ ਵਾਰ ਪੁੱਠੀ ਵੀ ਪੈ ਜਾਂਦੀ ਹੈ। ਕਦੀ ਕਦੀ ਤਾਂ 'ਚਿੜੀਆਂ ਦੀ ਮੌਤ ਗੰਵਾਰਾ ਦਾ ਹਾਸਾ' ਵਾਲੀ ਨੌਬਤ ਆ ਜਾਂਦੀ ਹੈ।

ਹਾਸਾ, ਸੰਵਾਦ, ਸਥਿਤੀ, ਸ਼ਕਲ-ਸੂਰਤ, ਸੁਭਾ ਤੇ ਪਹਿਰਾਵੇ 'ਚੋਂ ਵੀ ਪੈਦਾ ਹੁੰਦੈ। ਹਾਸਾ-ਮਜ਼ਾਕ, ਵਿਅੰਗ-ਮਜ਼ਾਹ ਸਮਾਜ, ਸਿਆਸਤ, ਮਜ਼ਬੀ ਮਾਹਰਕੇਬਾਜ਼ੀ ਅਤੇ ਆਲੇ-ਦੁਆਲੇ ਦੀਆਂ ਵਿਸੰਗਤੀਆਂ ਵਿਚੋਂ ਵੀ ਉਤਪੰਨ ਹੁੰਦੇ।

ਪੁਰਸ਼-ਪ੍ਰਧਾਨ ਸਮਾਜ ਨੇ ਔਰਤਾਂ/ ਲੜਕੀਆਂ ਦੇ ਹਾਸੇ ਬਾਰੇ ਇਕ ਮੱਧ- ਕਾਲੀਨ ਮਾਨਸਿਕਤਾ ਵਾਲੀ ਧਾਰਨਾ ਬਣਾ ਰੱਖੀ ਹੈ ਕਿ 'ਕੁੜੀ ਹੱਸੀ ਤਾਂ ਸਮਝੋ ਫੱਸੀ'।

ਭਲਾ ਕੋਈ ਪੁੱਛੇ ਕਿ ਭਲਿਉ ਮਾਣਸੋ ਕਿ ਇਕ ਔਰਤ/ਲੜਕੀ ਦਾ ਹੱਸਣਾ ਮਰਦ ਦੇ ਹਾਸੇ ਵਾਂਗ ਆਮ ਚਲਨ ਕਿਉਂ ਨਹੀਂ ਹੈ, ਜਿਸ ਤਹਿਤ ਉਹ ਵੀ ਦੂਸਰਿਆਂ ਵਾਂਗ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰ ਰਹੀ ਹੈ। ਜਾਣੀ ਕੁੜੀ ਨੂੰ ਹੱਸਣ ਵੀ ਨਾਂ ਦਿਉ ਤੇ ਆਪ ਅਕਾਰਨ ਹੀ ਬੁੱਕੀ ਚਲੋ- "ਮਾਸੂਮ ਲਹਿਰੋਂ ਪੇ ਪਹਿਰੇ ਬਿਠਾਏ ਜਾਤੇ ਹੈਂ/ ਸਮੁੰਦਰੋਂ ਕੀ ਤਲਾਸ਼ੀ ਕੋਈ ਨਹੀਂ ਲੇਤਾ"!

"ਭੰਗੜਾ" ਵਿੱਚ ਮੁਹੰਮਦ ਰਫੀ ਦਾ ਇਕ ਗੀਤ ਹੈ- ਚਿੱਟੇ ਦੰਦ ਹੱਸਣੋਂ ਨਹੀਂ ਰਹਿੰਦੇ ਤੇ ਲੋਕੀਂ ਭੈੜੇ ਛੱਕ ਕਰਦੇ।

ਹਾਂ, ਹੌਲੀ-ਹੌਲੀ ਇਸ ਮਾਨਸਿਕਤਾ ਵਿੱਚ ਤਬਦੀਲੀ ਆ ਰਹੀ ਹੈ।

ਹੱਸਣਾ ਕੋਈ ਮਜ਼ਾਕ ਨਹੀਂ ਹੈ। ਮਜ਼ਾਹ/ਹਾਸ-ਰਸ ਲੇਖਣੀ ਵੀ ਇਕ ਸੰਜੀਦਾ ਸਿਨਫ ਹੈ। ਅੰਗਰੇਜ਼ੀ ਸਾਹਿਤ ਦਾ ਦਿੱਗਜ ਹਡਸਨ 'ਹਿਊਮਰ' (ਹਾਸਰਸ) ਨੂੰ ਇਕ ਗੰਭੀਰ ਗੱਲ ਆਖਦੈ।

ਹੱਸਣਾ ਵੀ ਮੌਕੇ ਮੌਕੇ ਦਾ। ਬੇਮੌਕਾ/ ਬੇਲੋੜਾ ਹਾਸਾ 'ਹਾਸੇ ਦਾ ਮੰਡਾਸਾ' ਬਣਾ ਦਿੰਦੇ। ਨਾਲੇ 'ਹਸਾਏ ਦਾ ਨਾਂ ਨਹੀਂ ਹੁੰਦਾ, ਰੁਆਏ ਦਾ ਹੋ ਜਾਂਦਾ ਹੈ'।

ਅੱਜ ਕੱਲ੍ਹ ਲੋਕ ਹੱਸਣਾ ਭੁੱਲ ਗਏ ਹਨ। ਜ਼ਿੰਦਗੀ ਦੀ ਕਾਹਲ, ਘਰੇਲੂ ਕਾਟੋ-ਕਲੇਸ਼, ਰਿਸ਼ਤਿਆਂ 'ਚ ਰੇੜਕੇ, ਮਾਨਸਿਕ ਮਸਲੇ, ਕਾਰੋਬਾਰੀ ਝਮੇਲੇ ਤੇ ਹੋਰ ਅਨੇਕਾਂ ਕਜੀਏ ਹੋਣ ਕਾਰਨ ਬੰਦੇ ਦੀ ਮਤ ਮਾਰੀ ਰਹਿੰਦੀ ਹੈ।

ਰਹਿੰਦੀ ਖੂੰਹਦੀ ਕਸਰ ਕਰੋਨਾ ਮਹਾਂਮਾਰੀ ਨੇ ਪੂਰੀ ਕਰ ਦਿੱਤੀ ਹੈ। ਪਿਛਲੇ ਦੋ ਸਾਲ ਤੋਂ ਇਸ ਕੁਲੱਛਣੀ ਨੇ ਕੁਲ ਆਲਮ ਦੁਖੀ ਕਰ ਰਖਿਐ। ਇਸ ਦੇ ਦੂਜੇ ਗੇੜ ਨੇ ਮੁਲਕ ਝੰਬ ਸੁਟਿਐ ਅਤੇ 'ਫੇਕੂ' ਮੋਦੀ ਸਰਕਾਰ ਦੇ ਦਮਗਜਿਆਂ ਦੀ ਹਵਾ ਕਢ ਸਾਡੇ 'ਪ੍ਰਧਾਨ ਸੇਵਕ' ਦੀ ਕੌਮਾਂਤਰੀ ਪੱਧਰ ਤੇ ਕਿਰਕਰੀ ਕਰ ਦਿਤੀ ਐ।

ਹੱਸਣਾ ਤਾਂ ਦੂਰ ਦੀ ਗੱਲ, ਲੋਕ ਘਰਾਂ ਦੇ ਘੁਰਨਿਆਂ 'ਚ ਸਹਿਮੇਂ ਬੈਠੇ ਹਨ। ਕੋਰੋਨਾਂ ਦੇ ਵੱਖਰੇ ਰੂਪ ਨੇ ਸਭ ਦੇ ਸਾਹ ਸੂਤੇ ਹਨ। ਇਸ ਅਲਮਨਾਕ

ਸਥਿਤੀ ਵਿੱਚ ਕੋਈ ਦੀਵਾਨਾਂ, ਸੂਰਮਾਂ ਜਾਂ ਪ੍ਰਮਾਤਮਾਂ ਦਾ ਵਰੋਸਾਇਆ ਸ਼ਖਸ ਹੀ ਹੱਸ ਸਕਦੈ–

**"ਜਾਂ ਤੋ ਦੀਵਾਨਾ ਹਸੇ ਜਾਂ ਤੂ ਜਿਸੇ ਤੌਫੀਕ ਦੇ,**
**ਵਰਨਾ ਇਸ ਦੁਨੀਆਂ ਮੇਂ ਮੁਸਕਰਾ ਸਕਤਾ ਹੈ ਕੌਨ?"**

ਕਈ ਵਾਰ ਹੰਝੂ ਛੁਪਾਉਣ ਲਈ ਵੀ ਹੱਸਿਆ ਜਾਂਦੈ–

**"ਤੁਮ ਜੋ ਇਤਨਾ ਮੁਸਕਰਾ ਰਹੇ ਹੋ**
**ਕਯਾ ਗਮ ਹੈ ਜਿਸ ਕੋ ਛੁਪਾ ਰਹੇ ਹੋ"।**

ਮਸ਼ਹੂਰ ਪਾਕਿਸਤਾਨੀ ਮਜ਼ਾਹੀਆ ਸ਼ਾਇਰ ਅਨਵਰ ਮਸੂਦ ਕਹਿੰਦੈ–

**"ਯੇ ਜੋ ਹਸਨਾ ਹਸਾਨਾਂ ਹੋਤਾ ਹੈ**
**ਰੋਨੇ ਕਾ ਛੁਪਾਨਾ ਹੋਤਾ ਹੈ" !**

ਹੱਸਣ ਦੇ ਕਈ ਫਾਇਦੇ ਹਨ। ਹੱਸਦਾ ਬੰਦਾ ਸਭ ਨੂੰ ਭਾਉਂਦਾ ਹੈ, ਰੋਂਦੜ ਕੋਲੋਂ ਸਭ ਪਰ੍ਹਾਂ ਰਹਿੰਦੇ ਹਨ। ਹੱਸਮੁਖ, ਹਰੇਕ ਦਾ ਹੇਜਲਾ, ਹਰਮਨ–ਪਿਆਰਾ ਪਰ ਰਊਂ–ਰਊਂ ਕਰਨ ਵਾਲੇ ਤੋਂ ਸਭ ਕੰਨੀਂ ਕਤਰਾਉਂਦੇ ਹਨ। ਹੱਸਣਾ ਇਕ ਸੁਖਦ ਅਹਿਸਾਸ ਹੈ। ਇਹ ਸਾਡੀ ਖੈਰ–ਸੁੱਖ/ਸਲਾਮਤੀ ਅਤੇ ਸਿਹਤਮੰਦੀ/ ਤੰਦਰੁਸਤੀ 'ਚ ਸੁਧਾਰ ਕਰਦੈ। ਇਹ ਤਣਾਉ ਘਟਾਉਂਦਾ ਹੈ, ਮਾਸ–ਪੇਸ਼ੀਆਂ ਨੂੰ ਰਿਲੈਕਸ ਕਰਦੈ, ਢਿੱਡ ਦੀ ਕਸਰਤ ਕਰਦੈ, ਸਾਡੀ ਕੁਨੈਟੇਵਿਟੀ ਵਧਾਉਂਦੈ ਅਤੇ ਸਾਨੂੰ ਚੰਗੇ, ਸਕਾਰਾਤਮਕ, ਸਲਾਹੁਣਯੋਗ ਇਨਸਾਨ ਬਣਾਉਂਦੈ।

ਸਿਹਤ ਪੱਖੋਂ ਵੀ ਹੱਸਣ ਦੇ ਕਈ ਲਾਭ ਹਨ। ਮੈਡੀਕਲ ਤੌਰ ਤੇ ਹੱਸਣ ਨਾਲ ਸਾਡੇ ਅੰਦਰ 'ਐਂਡੌਰਫਿਨਜ' ਰਿਲੀਜ਼ ਹੁੰਦੈ ਜੋ ਇਕ ਕੁਦਰਤੀ ਦਰਦ–ਨਿਰੋਧਕ ਤੱਤ ਹੈ। ਹਾਸਾ ਸਾਡੇ 'ਇਮਿਯੂਨ ਸਿਸਟਮ' (ਰੋਗ ਪ੍ਰਤੀਰੋਧਿਕ ਪ੍ਰਣਾਲੀ) ਵਿਚਲੇ ਖਾਸ ਕਿਸਮ ਦੇ ਟੀ–ਸੈਲਾਂ ਨੂੰ ਤੇਜ਼ ਕਰਦੈ। ਸਾਡੇ 'ਐਬਜ਼' ਨੂੰ ਪੇਟ ਦੇ ਮਸਲਾਂ ਨੂੰ ਸੰਕੋੜ–ਫੈਲਾਅ ਕੇ ਸਰਗਰਮ ਕਰਦੈ। ਹਾਸੇ ਦੇ 'ਥੈਰਾਪਟਿਕ' (ਔਸ਼ਧਿਕ) ਪ੍ਰਭਾਵ ਹਨ, 'ਲਾਫਟਰ ਥੈਰਾਪੀ' ਕਾਫੀ ਫਾਇਦੇਮੰਦ ਹੈ। ਇਹ ਵੀ ਕਿਹਾ ਜਾਂਦਾ ਕਿ ਹੱਸਣ ਨਾਲ ਬਲੱਡ ਪਰੈਸ਼ਰ ਅਤੇ ਸਟਰੈੱਸ ਹਾਰਮੋਨਜ਼ ਦਾ ਪੱਧਰ ਵੀ ਘਟਦੈ।

ਅਮਰੀਕਾ ਤੋਂ ਛਪਣ ਵਾਲੇ ਮਸ਼ਹੂਰ ਮੈਗਜ਼ੀਨ 'ਰੀਡਰਜ਼ ਡਾਈਜੈਸਟ' ਵਿਚ ਇਕ ਪੱਕਾ ਕਾਲਮ ਹੈ–'ਲਾਫਟਰ–ਦਾ ਬੈਸਟ ਮੈਡੀਸਨ' (ਹਾਸਾ–ਇਕ ਸਰਬੋਤਮ ਦਵਾ)। ਕਪਿਲ ਸ਼ਰਮਾਂ ਦੇ ਹਾਸੇ ਵਾਲੇ ਸ਼ੋਅ ਤੋਂ ਇਲਾਵਾ ਨਿੱਜੀ ਚੈਨਲਾਂ ਤੇ ਅਨੇਕਾਂ ਸਟੈਂਡ–ਅੱਪ ਕਾਮੇਡੀ ਪ੍ਰੋਗਰਾਮ ਚਲਦੇ ਹਨ। 'ਟਿੱਕ–ਟਾਕ' ਤੋਂ ਬਿਨਾਂ ਸੋਸ਼ਲ ਮੀਡੀਆ ਉਪਰ ਵੀ ਕਈ ਹੋਰ ਹਾਸੇ ਦੇ ਪ੍ਰੋਗਰਾਮ ਚਲਦੇ ਹਨ। ਚੁਟਕਲੇਬਾਜ਼ੀ ਵੀ ਹੱਸਣ–ਹਸਾਉਣ ਦਾ ਉਪਰਾਲਾ ਹੀ ਹੈ। ਪਹਿਲੀਆਂ ਹਿੰਦੀ ਫਿਲਮਾਂ ਵਿਚ ਮਹਿਮੂਦ, ਜੌਨੀ ਵਾਕਰ, ਆਈ.ਐਸ. ਜੌਹਰ ਵਰਗੇ ਕੁਲਵਕਤੀ ਕਾਮੇਡੀਅਨ ਹੁੰਦੇ ਸਨ, ਜਿਹਨਾਂ ਦੀਆਂ ਸ਼ਕਲਾਂ ਦੇਖ ਕੇ ਹੀ ਹਾਸਾ ਆ ਜਾਂਦਾ ਸੀ।

ਇਸੇ ਲਈ ਹਾਸੇ ਨੂੰ ਪ੍ਰਫੁੱਲਤ ਕਰਨ ਲਈ ਵਿਸ਼ਵ ਭਰ ਵਿੱਚ ਹਰ ਸਾਲ ਮਈ ਮਹੀਨੇ ਦੇ ਪਹਿਲੇ ਐਤਵਾਰ ਵਾਲੇ ਦਿਨ 'ਵਰਲਡ ਲਾਫਟਰ ਡੇ' ਮਨਾਇਆ ਜਾਂਦੈ। ਐਲੈਕਸ ਰਿਟਵਨ ਅਨੁਸਾਰ ਇਸ ਵਿਸ਼ਵ ਹਾਸਾ ਦਿਵਸ ਦਾ ਮਕਸਦ ਲੋਕਾਂ ਨੂੰ ਹੱਸਣ ਲਈ ਪ੍ਰੇਰਨਾਂ, ਹਾਸੇ ਦੇ ਫਇਦੇ ਦਸਣਾ ਅਤੇ ਹਾਸੇ ਰਾਹੀਂ ਭਾਈਚਾਰੇ ਅਤੇ ਮਿੱਤਰਚਾਰੇ ਦੀ ਇਕ ਵੈਸ਼ਵਿਕ ਚੇਤਨਾਂ ਪੈਦਾ ਕਰਨਾ ਹੈ ਜੋ ਕਿ ਵਿਸਵ ਸ਼ਾਂਤੀ ਦਾ ਰਚਨਾਤਮਿਕ ਪ੍ਰਗਟਾਵਾ ਹੈ। ਇਸ ਦਿਨ ਲੋਕੀਂ ਜਨਤਕ ਥਾਂਵਾਂ ਤੇ ਇਕੱਤਰ ਹੋ ਕੇ ਖੁੱਲ੍ਹ ਕੇ ਹੱਸਦੇ ਹਨ, ਢਿੱਡੀਂ ਪੀੜ ਪਾਉਣ ਵਾਲਾ ਹਾਸਾ।

ਵਿੱਕੀਪੀਡੀਆ ਅਨੁਸਾਰ 'ਵਰਲਡ ਲਾਫਟਰ ਡੇ' ਦੀ ਸਥਾਪਨਾ 1998 ਵਿਚ ਹੋਈ ਸੀ ਅਤੇ ਭਾਰਤ ਵਿਚ ਪਹਿਲੀ ਵਾਰ ਵਰਲਡ ਲਾਫਟਰ ਯੋਗਾ ਲਹਿਰ ਦੇ ਬਾਨੀ ਡਾ. ਮਦਨ ਕਟਾਰੀਆ ਵੱਲੋਂ 28 ਜੁਲਾਈ 2008 ਨੂੰ ਇਸ ਨੂੰ ਮੁੰਬਈ ਵਿਚ ਮਨਾਉਣ ਦਾ ਹੀਲਾ ਕੀਤਾ ਗਿਆ ਸੀ। 2005 ਵਿਚ ਇਹ ਦਿਵਸ ਲਾਸ ਐਂਜਲਸ ਵਿਚ ਮਨਾਇਆ ਗਿਆ ਸੀ।

ਐਸ ਵੇਲੇ 105 ਤੋਂ ਵੀ ਵੱਧ ਮੁਲਕਾਂ ਵਿੱਚ ਹਜ਼ਾਰਾਂ ਲਾਫਟਰ ਕਲੱਬ ਤੇ ਸੈਂਕੜੇ ਹੋਰ ਹਾਸਾ–ਗਰੁੱਪ ਹੋਂਦ ਵਿਚ ਆ ਚੁਕੇ ਹਨ ਜੋ 2 ਮਈ ਨੂੰ ਜਨਤਕ ਥਾਂਵਾਂ ਉੱਪਰ ਇਹ ਦਿਨ ਮਨਾਉਣਗੇ (ਭਾਵੇਂ ਕੋਰੋਨਾ–2 ਦੇ ਕਹਿਰਵਾਨ ਪ੍ਰਛਾਂਵੇਂ ਕਾਰਨ ਕਈ ਮੁਲਕਾਂ ਵਿਚ, ਸਮੇਤ ਭਾਰਤ ਦੇ, ਇਹ ਦਿਵਸ ਇਸ ਵਾਰ ਓਨਾਂ ਨਾਂ ਖੁੱਲ੍ਹ–ਖਿਲ ਸਕੇ)।

ਖੈਰ, ਹੋਣਾ ਤਾਂ ਚਾਹੀਦੈ ਰੀਝ ਵਾਲਾ ਹਾਸਾ–ਠੱਠਾ, ਖੁਸ਼ੀ–ਖੇੜਾ, ਕਿਉਂਕਿ 'ਨਚਣੁ ਕੁਦਣੁ ਮਨ ਕਾ ਚਾਉ' (ਗੁਰਬਾਣੀ) ਤੇ 'ਖੂਬ ਨੇ ਇਹ ਝਾਂਜਰਾਂ ਛਣਕਣ ਲਈ/ਪਰ ਕੋਈ 'ਚਾ ਵੀ ਤਾਂ ਦੇ ਨੱਚਨ ਲਈ' (ਪਾਤਰ)। ਚਲੋ, ਇਸ ਦੀ ਘਾਟ ਜਾਂ ਗੈਰ–ਮੌਜੂਦਗੀ ਵਿੱਚ 'ਐਕਸਰਸਾਈਜ' ਵਾਲਾ ਹਾਸਾ ਹੀ ਸਹੀ!

ਵੈਸੇ ਆਮ ਲੋਕਾਂ ਵਿਚ ਦੂਸਰਿਆਂ ਉਪਰ ਹੱਸਣ ਦਾ ਰੁਝਾਨ ਵਧੇਰੇ ਹੁੰਦਾ ਹੈ। ਚੰਗਾ ਹਾਸਾ ਉਹ ਹੁੰਦਾ ਜੋ ਰਲ–ਮਿਲ ਕੇ ਹੱਸਿਆ ਜਾਏ। ਇਕ ਦਿਲ ਦੇ ਰੋਗਾਂ ਦੇ ਡਾਕਟਰ ਨੇ ਆਪਣੇ ਕਲਿਨਿਕ ਦੇ ਬਾਹਰ ਲਿਖਿਆ ਸੀ–

**"ਖੋਲ੍ਹ ਦੇਤੇ ਦਿਲ ਅਗਰ ਹੰਸ ਬੋਲ ਕੇ ਯਾਰੋਂ ਕੇ ਸਾਥ,**
**ਤੋ ਹਮੇ ਨਾਂ ਖੋਹਲਨਾ ਪੜਤਾ ਯੂੰ ਔਜ਼ਾਰੋਂ ਕੇ ਸਾਥ"।**

ਵਸੀਮ ਬਰੇਲਵੀ ਅਨੁਸਾਰ–

**"ਮੁਸਕਰਾਉ ਕਿ ਜ਼ਿੰਦਗੀ ਲੌਟੇ/ਰੇਤ ਕੇ ਤਲ ਪਰ ਨਮੀ ਲੌਟੇ**
**ਹੋਟੋਂ ਪੇ ਜੰਮ ਗਏ ਸੰਨਾਟੇ/ਕੁਛ ਕੀਆ ਜਾਏ ਕਿ ਜ਼ਿੰਦਗੀ ਲੌਟੇ"।**

ਸਾਨੂੰ ਕਦੀ ਕਦੀ ਆਪਣੇ ਆਪ ਉੱਪਰ ਵੀ ਹੱਸ ਲੈਣਾ ਚਾਹੀਦੈ, ਆਪਣੀ ਕਮੀ–ਪੇਸ਼ੀ ਦਾ ਪਤਾ ਲਗ ਜਾਂਦੈ। ਰੈੱਡ ਸਕੈਲਟਨ ਤਾਂ ਜ਼ਿੰਦਗੀ 'ਤੇ ਹੀ ਥੋੜ੍ਹਾ ਬਹੁਤਾ ਹੱਸਣ ਦੀ ਸਲਾਹ ਦਿੰਦਾ ਹੈ।

ਸੁਰਜੀਤ ਪਾਤਰ ਤਾਂ ਸਿਰੇ ਦੀ ਗੱਲ ਹੀ ਕਰ ਦਿੰਦੈ–

**"ਓਹੀ ਹਾਸਾ ਸੁੱਚਾ ਦੱਸੀਏ**
**ਜੇ ਕਰ ਆਪਣੇ ਆਪ ਤੇ ਹੱਸੀਏ।**
**ਹੱਸਿਆਂ ਹੀ ਨਿਰਵਾਣ ਮਿਲੇਗਾ**
**ਜੀਵਨ ਜੀਣ ਦਾ ਤਾਣ ਮਿਲੇਗਾ !"**

**ਅੰਤਿਕਾ** : ਮਦਰਾਸ ਹਾਈਕੋਰਟ ਦੇ ਮਦੁਰਾਇ ਦੇ ਇਕ–ਮੈਂਬਰੀ ਬੈਂਚ ਨੇ ਆਪਣੇ ਇਕ ਵਿਲੱਖਣ ਫੈਸਲੇ 'ਚ 'ਹਾਸਾ–ਠੱਠਾ ਕਰਨ' ਜਾਂ 'ਹੱਸਣ ਦੇ ਫ਼ਰਜ਼' (ਡਿਯੂਟੀ ਟੂ ਲਾਫ) ਨੂੰ ਸੰਵਿਧਾਨ ਦੀ ਮੌਲਿਕ ਫਰਜ਼ਾਂ ਦੀ ਸੂਚੀ ਵਿਚ ਸ਼ਾਮਲ ਕਰਨ ਦਾ ਸੁਝਾਅ ਦਿੱਤਾ ਹੈ!

# 'ਸੰਦਲੀ ਪੌਣਾਂ ਝੂਲਦੀਆਂ, ਜਿੱਥੇ ਨਾਰੀ ਦਾ ਸਨਮਾਨ'

ਨਾਰੀ ਦਾ ਨਾਂ ਲੈਂਦਿਆਂ ਹੀ, ਤਿਆਗ, ਸਹਿਣਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੀ ਚੇਤਨਾ ਦਾ ਵਿਹੜਾ ਮੱਲ ਖਲੋਂਦੀ ਹੈ। ਆਪਣੇ ਬੱਚਿਆਂ ਲਈ ਮਮਤਾ, ਪਤੀ ਲਈ ਚਰਿੱਤਰਵਾਨ, ਸਮਾਜ ਲਈ ਦਇਆਵਾਨ ਅਤੇ ਜੀਵਾਂ ਪ੍ਰਤੀ ਵੀ ਰਹਿਮ ਦੀ ਭਾਵਨਾ ਰੱਖਣ ਵਾਲੀ ਮਹਾਂਸ਼ਕਤੀ ਦਾ ਨਾਂ ਨਾਰੀ ਹੈ। ਔਰਤ ਦੀ ਮਹਾਨਤਾ ਦਾ ਜ਼ਿਕਰ ਕਰਦਿਆਂ ਨਾਨਕ ਸਿੰਘ ਲਿਖਦਾ ਹੈ - "ਓ ਇਸਤਰੀ! ਤੂੰ ਏਡੀ ਉੱਚਤਾ, ਏਡੀ ਵਿਸ਼ਾਲਤਾ ਕਿੱਥੋਂ ਪ੍ਰਾਪਤ ਕਰ ਲਈ? ਸਹਿਣਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਮਤਾ ਦੀਆਂ ਕਾਂਗਾਂ ਤੇਰੇ ਵਿਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸਭ ਕੁਝ, ਹੇ ਇਸਤਰੀ ! ਤੂੰ ਕਿੱਥੋਂ ਪ੍ਰਾਪਤ ਕਰ ਲਿਆ? ('ਅਧ-ਖਿੜਿਆ ਫੁੱਲ ' ਵਿਚੋਂ) ਗੱਲ ਕੀ, ਔਰਤ ਕੁਦਰਤ ਦਾ ਇਕ ਅਜਿਹਾ ਅਦਭੁੱਤ ਤੇ ਰਹੱਸਮਈ ਕਰਿਸ਼ਮਾ ਹੈ, ਜੋ ਆਦਿ-ਕਾਲ ਤੋਂ ਹੀ ਜੀਵਨ ਦਾ ਅੰਮ੍ਰਿਤ ਦਿੰਦਾ ਆ ਰਿਹਾ ਹੈ। ਸੱਚਮੁੱਚ ਹੀ, ਔਰਤ, ਇਕ ਤਰ੍ਹਾਂ ਨਾਲ, ਸਾਰੇ ਸੰਸਾਰ ਦਾ ਭਾਰ ਆਪਣੇ ਨਾਜ਼ੁਕ ਮੋਢਿਆਂ ਉੱਤੇ ਚੁੱਕੀ ਫਿਰਦੀ ਹੈ। ਇੰਜ ਜਾਪਦਾ ਹੈ ਜਿਵੇਂ ਧਰਤੀ, ਬਲਦ ਦਿਆਂ ਸਿੰਙਾਂ ਤੋਂ ਆਪਣਾ ਸਥਾਨ ਬਦਲ ਕੇ ਔਰਤ ਦਿਆਂ ਮੋਢਿਆਂ 'ਤੇ ਆ ਟਿਕੀ ਹੋਵੇ ! ਦੂਜੇ ਬੰਨੇ, ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ 'ਤੇ ਨਿਰਭਰ ਕਰਦਾ ਹੈ, ਕਦੇ ਮਾਂ, ਕਦੇ ਭੈਣ ਤੇ ਕਦੇ ਪਤਨੀ ਦੇ ਰੂਪ ਵਿਚ। ਇਸ ਤਰ੍ਹਾਂ ਔਰਤ, ਮਰਦ ਨੂੰ 'ਰੱਬ' ਵੱਲੋਂ ਦਿੱਤੀ ਸਭ ਤੋਂ ਸ਼੍ਰੇਸ਼ਠ ਸੌਗਾਤ ਹੈ।

ਸੋ, ਕਿਹਾ ਜਾ ਸਕਦਾ ਹੈ ਕਿ ਔਰਤ ਸੰਸਾਰ ਰੂਪੀ ਬਾਗ਼ ਵਿਚ ਸਭ ਤੋਂ ਉੱਤਮ ਫੁੱਲ ਹੈ। ਇਹ ਸੰਸਾਰ ਕਦੇ ਏਨਾ ਖ਼ੂਬਸੂਰਤ ਤੇ ਦਿਲਕਸ਼ ਨਾ ਹੁੰਦਾ ਜੇ ਇਸ ਵਿਚ ਔਰਤ ਨਾ ਹੁੰਦੀ, ਕਿਉਂਕਿ :

**ਧਰਤੀ 'ਤੇ, ਜੋ ਕੁਝ ਸੋਹਣਾ ਹੈ**
**ਉਸ ਦੇ ਪਿੱਛੇ ਨਾਰ ਅਵੱਸ਼ ਹੈ**
**ਜੋ ਕੁਝ ਕਿਸੇ ਮਹਾਨ ਹੈ ਰਚਿਆ**
**ਉਸ ਵਿਚ ਨਾਰੀ ਦਾ ਹੀ ਹੱਥ ਹੈ**

(**ਸ਼ਿਵ ਕੁਮਾਰ ਬਟਾਲਵੀ, 'ਲੂਣਾ'**)

ਸੱਚਮੁੱਚ ਹੀ, "ਵਜੂਦੇ ਜ਼ਨ ਸੇ ਹੈ ਤਸਵੀਰ ਕਾਇਨਾਤ ਮੈਂ ਰੰਗ।"-ਇਕਬਾਲ। ਪਰ ਇਸ ਸਭ ਕੁਝ ਦੇ ਬਾਵਜੂਦ ਔਰਤ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੀ ਹੈ। ਘਰ ਤੇ ਸਮਾਜ ਵਿੱਚ ਉਸ ਦਾ ਸਥਾਨ ਮਰਦਾਂ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਉਸ ਦੀ ਪ੍ਰਵਰਿਸ਼ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਉਸ ਦੇ ਮਨ ਅੰਦਰ ਸੁਤੰਤਰ ਰਾਹ ਉਤੇ ਤੁਰਨ ਦੀ ਲਾਲਸਾ ਨਾ ਜਾਗੇ। ਅਜੀਤ ਕੌਰ, ਜਿਸ ਨੇ ਔਰਤ ਦੀ ਵੇਦਨਾ ਨੂੰ ਆਪਣੀਆਂ ਬਹੁਤੀਆਂ ਲਿਖਤਾਂ ਵਿੱਚ ਕੇਂਦਰ-ਬਿੰਦੂ ਬਣਾਇਆ ਹੈ, 'ਖਾਨਾਬਦੋਸ਼' ਵਿੱਚ ਲਿਖਦੀ ਹੈ:-

ਗੁਨਾਹਿ ਅੱਵਲ-ਔਰਤ ਹੋਣਾ

ਗੁਨਾਹਿ ਦੋਮ-ਇਕੱਲੀ ਔਰਤ

ਗੁਨਾਹਿ ਸੋਮ-ਇਕੱਲੀ ਤੇ ਆਪਣੀ ਰੋਟੀ ਆਪ ਕਮਾਂਦੀ ਔਰਤ

ਗੁਨਾਹਿ ਅਜ਼ੀਮ-ਤਰੀਨ-ਆਪਣੀ ਰੋਟੀ ਆਪ ਕਮਾਂਦੀ, ਜ਼ਹੀਨ, ਖੁਦਦਾਰ, ਇਕੱਲੀ, ਔਰਤ ਇਸ ਦੇਵਤਿਆਂ ਦੇ ਮੁਲਕ ਹਿੰਦੁਸਤਾਨ ਵਿੱਚ।

ਔਰਤ ਪ੍ਰਤੀ ਮਰਦ ਦੀ ਨਾਕਾਰਮਕ ਸੋਚ ਦੀਆਂ ਜੜ੍ਹਾਂ ਸਾਡੇ ਸਮਾਜ ਵਿੱਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਪ੍ਰਾਚੀਨ ਸਾਹਿਤ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਨਾਥ-ਜੋਗੀਆਂ ਨੇ ਔਰਤ ਜਾਤੀ ਨੂੰ 'ਬੁਰੇ ਦੀ ਹੱਦ ਤੱਕ' ਭੰਡਿਆ ਹੈ। ਪਰ ਔਰਤ ਦੇ ਅਕਸ ਨੂੰ ਵਿਗਾੜਨ ਵਿੱਚ ਮਨੂੰ ਮਹਾਰਾਜ ਨੇ ਮੋਹਰੀ ਰੋਲ ਅਦਾ ਕੀਤਾ ਹੈ। ਮਨੂੰ ਰਚਿਤ ਗ੍ਰੰਥ, ਜਿਸ ਨੂੰ 'ਮਨੂੰ ਸਿਮ੍ਰਤੀ' ਕਿਹਾ ਜਾਂਦਾ ਹੈ, ਔਰਤ ਲਈ ਤਾਂ 'ਜ਼ਹਿਰ ਦੀ ਗੰਦਲ' ਹੈ। ਮਿਸਾਲ ਵਜੋਂ, ਮਨੂੰ ਆਪਣੇ ਗ੍ਰੰਥ ਵਿੱਚ ਲਿਖਦਾ ਹੈ ਕਿ ਵਿਆਹ ਤੋਂ ਬਾਅਦ ਇਸਤਰੀ ਤੇ ਏਨਾ ਭਾਰ ਪਾ ਦਿਓ ਕਿ ਉਸਨੂੰ ਕੁਝ ਸੁੱਝੇ ਹੀ ਨਾਹ। ਉਸ਼ ਦਾ ਕੰਮ ਪਤੀ ਦੀ ਸੇਵਾ ਕਰਨਾ, ਬੱਚੇ ਜੰਮਣਾ, ਕੱਪੜੇ ਧੋਣਾ, ਰੋਟੀ ਪਕਾਉਣਾ, ਭਾਂਡੇ ਮਾਂਜਣਾ ਆਦਿ ਹੈ। ਦੂਜੇ ਪਾਸੇ ਮਨੂੰ ਮਹਾਰਾਜ ਨੇ ਮਰਦ ਨੂੰ ਖੁਬ ਖੁੱਲ੍ਹਾਂ ਬਖਸ਼ੀਆਂ ਹਨ। ਮਿਸਾਲ ਵਜੋਂ ਮਨੂੰ ਕਹਿੰਦਾ ਹੈ ਕਿ ਜੇ ਪਤਨੀ ਮਰ ਜਾਵੇ ਤਾਂ ਪਤੀ ਨੂੰ ਚਾਹੀਦਾ ਹੈ ਕਿ ਪਤਨੀ ਨੂੰ ਅੱਗ ਦੀ ਭੇਟ ਕਰ ਦੇਣ ਤੋਂ ਬਾਅਦ ਦੂਜਾ ਵਿਆਹ ਕਰ ਲਵੇ ਤੇ ਉਸ ਨੂੰ ਗਰਭ-ਯੋਗ ਬਣਾਉਣ ਵਿੱਚ ਮਸਤ ਹੋ ਜਾਵੇ। ਇਸ ਦੇ ਉਲਟ, ਵਿਧਵਾ ਲਈ ਹਦਾਇਤ ਹੈ ਕਿ ਉਹ ਪਰਾਏ ਪੁਰਸ਼ ਦਾ ਕਦੇ ਨਾਂ ਵੀ ਨਾ ਲਵੇ।

ਜ਼ਾਹਿਰ ਹੈ, ਔਰਤ ਤੇ ਮਰਦ ਲਈ ਦੋ ਵੱਖਰੀ ਕਿਸਮ ਦੇ ਇਖਲਾਕੀ ਕਾਨੂੰਨ ਹਨ, ਦੋ ਵੱਖਰੀ ਕਿਸਮ ਦੀਆਂ ਇਖਲਾਕੀ ਕਦਰਾਂ-ਕੀਮਤਾਂ ਹਨ, ਜਿਨ੍ਹਾਂ ਤਹਿਤ ਔਰਤ ਦੀ ਹਰ ਗੱਲ ਦਾ ਫੈਸਲਾ ਮਰਦ ਨੇ ਕਰਨਾ ਹੁੰਦਾ ਹੈ। ਹੌਲੀ ਹੌਲੀ ਗੱਲ ਇੱਥੇ ਤੱਕ ਅੱਪੜ ਗਈ ਕਿ 'ਜ਼ਰ, ਜੋਰੂ ਤੇ ਜ਼ਮੀਨ' ਨੂੰ ਇਕੋ ਨਜ਼ਰ ਨਾਲ ਵੇਖਿਆ ਜਾਣ ਲਗਾ ਪਿਆ। ਗੱਲ ਕੀ, ਮਨੂੰ ਨੇ ਔਰਤ ਨੂੰ ਇੱਕ ਨਿਰਜਿੰਦ ਵਸਤੂ ਬਣਾ ਦਿੱਤਾ; ਬੱਸ ਭੋਗਣ ਦੀ ਇੱਕ ਵਸਤੂ। ਹੈਰਾਨੀ ਦੀ ਗੱਲ ਹੈ ਕਿ ਸਾਡੇ ਲਈ ਉੱਚ ਰੁਤਬੇ ਵਾਲੇ ਧਾਰਮਿਕ ਰਹਿਬਰਾਂ ਨੇ ਵੀ ਔਰਤ ਪ੍ਰਤੀ ਘਟੀਆ ਸੋਚ ਦਾ ਪਸਾਰਾ ਕੀਤਾ ਹੈ। ਅਫਸੋਸ ਦੀ ਗੱਲ ਹੈ ਕਿ ਸਾਡੇ ਧਾਰਮਿਕ ਤੇ ਸਿਆਸੀ ਆਗੂ ਇਸ ਪੱਖੋਂ ਹੁਣ ਤੱਕ ਅਵੇਸਲੇ ਹੀ ਰਹੇ ਹਨ।

ਮਰਦ ਪ੍ਰਧਾਨ ਸਮਾਜ ਦੀ ਹਮੇਸ਼ਾ ਇਹੋ ਨੀਤੀ ਰਹੀ ਹੈ ਕਿ ਇਸਤਰੀ ਦੇ ਸੁਭਾਅ ਨੂੰ ਆਪਣੇ ਸਵਾਰਥ ਅਨੁਸਾਰ ਢਾਲਿਆ ਜਾਵੇ। ਇਸੇ ਕੁਟਲ ਨੀਤੀ ਤਹਿਤ ਮਰਦ ਨੇ ਇਸਤਰੀ ਦੇ ਸੁਭਾਅ ਬਾਰੇ ਇਹ ਢਕੌਂਸਲਾ ਘੜ੍ਹ ਲਿਆ ਹੈ ਕਿ "ਇਸਤਰੀ ਨੂੰ ਕੁਦਰਤ ਨੇ ਕੁਝ ਇਸ

ਤਰ੍ਹਾਂ ਬਣਾਇਆ ਹੈ ਕਿ ਉਹ ਆਪਣੀ ਜ਼ਿੰਦਗੀ ਵਿੱਚ ਕੇਵਲ ਇੱਕ ਨਾਲ ਪਿਆਰ ਕਰਦੀ ਹੈ ਅਤੇ ਉਸ ਉਤੇ ਆਪਣੀ ਜਾਨ ਨਿਛਾਵਰ ਕਰ ਦਿੰਦੀ ਹੈ।" ਅਤੇ ਪੁਰਸ਼ ਦੇ ਸੁਭਾਅ ਬਾਰੇ ਮਰਦ ਦਾ ਕਹਿਣਾ ਹੈ ਕਿ "ਪੁਰਸ਼ ਦੇ ਸੁਭਾਅ ਵਿੱਚ ਵੰਨ-ਸੁਵੰਨਤਾ ਹੈ। ਉਹ ਇੱਕ ਤੋਂ ਵੱਧ ਪਤਨੀਆਂ ਦੀ ਲਾਲਸਾ ਰੱਖਦਾ ਹੈ ਤੇ ਹਰ ਵੇਲੇ ਨਵੀਂ ਇਸਤਰੀ ਵੱਲ ਰੁਚਿਤ ਰਹਿੰਦਾ ਹੈ।" ਚਲੋ ! ਮੰਨ ਲੈਂਦੇ ਹਾਂ। ਪਰ ਹਰ ਇਸਤਰੀ, ਮਹੀਨੇ ਦੇ ਕੁਝ ਖਾਸ ਦਿਨਾਂ ਦੌਰਾਨ ਵਾਰ ਵਾਰ ਇੱਕ ਮਰਦ ਦਾ ਸਾਥ ਲੋਚਦੀ ਹੈ ਅਤੇ ਉਹ ਮਰਦ ਕੋਈ ਵੀ ਹੋ ਸਕਦਾ ਹੈ, ਜਿਹੜਾ ਉਸ ਨੂੰ ਉਸ ਅਰਸੇ ਦੌਰਾਨ ਟੱਕਰ ਜਾਵੇ। ਪਰ ਭਾਰਤੀ ਨਾਰੀ ਇਸਤਰੀ ਕਾਮ-ਵੇਗ ਵਿੱਚ ਮਰਦ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਪਰ ਉਹ ਝਿਜਕਦੀ ਹੈ, ਸੰਕੋਚ ਕਰਦੀ ਹੈ, ਕਿਉਂਕਿ ਉਹ ਇੱਕ ਭਾਰਤੀ ਨਾਰੀ ਹੈ।

ਦਰਅਸਲ, ਭਾਰਤੀ ਸਮਾਜ ਵਿੱਚ ਔਰਤ ਲਈ ਥਾਂ-ਥਾਂ 'ਤੇ ਬੰਦਿਸ਼ਾਂ ਹਨ। ਇੱਥੋਂ ਤੱਕ ਕਿ ਉਸ ਦੇ ਹੱਸਣ 'ਤੇ ਵੀ ਜੰਦਰੇ ਲੱਗੇ ਹੋਏ ਹਨ ਅਤੇ ਰੋਣ 'ਤੇ ਵੀ ਪਾਬੰਦੀਆਂ ਆਇਦ ਹਨ (ਜੇ ਉਹ ਰੋਂਦੀ ਹੈ ਤਾਂ ਕਹਿੰਦੇ ਹਨ ਕਿ ਚਲਿੱਤਰ ਕਰਦੀ ਹੈ।) ਸਭ ਤੋਂ ਵਧ ਕੇ ਬਲਾਤਕਾਰ ਤੇ ਖਤਰੇ ਦੀ ਤਲਵਾਰ ਹਰ ਵੇਲੇ ਔਰਤ ਦੇ ਸਿਰ 'ਤੇ ਲਟਕਦੀ ਰਹਿੰਦੀ ਹੈ। ਔਰਤ ਦੇ ਹੋ ਰਹੇ ਸ਼ੋਸ਼ਣ ਸਬੰਧੀ ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ "ਕਾਰੋਬਾਰੀ ਥਾਵਾਂ ਉਤੇ ਔਰਤ ਦਾ ਸ਼ੋਸ਼ਣ ਹਰੇਕ ਪੱਧਰ 'ਤੇ ਹੋ ਰਿਹਾ ਹੈ। ਕੁਝ ਨੂੰ ਨੌਕਰੀ ਹਾਸਲ ਕਰਨ ਲਈ ਤੇ ਫਿਰ ਕੁਝ ਨੂੰ ਆਪਣੀ ਨੌਕਰੀ ਬਚਾਉਣ ਲਈ 'ਗਲਤ ਕੰਮ' ਕਰਨੇ ਪੈਂਦੇ ਹਨ।" ਦੂਜਾ, ਔਰਤ ਚਾਹੇ ਕੰਮਕਾਰੀ ਹੋਵੇ ਜਾਂ ਘਰੇਲੂ, ਤਸ਼ੱਦਦ ਤੇ ਸ਼ੋਸ਼ਣ ਹਰ ਜਗ੍ਹਾ ਹੈ। ਜੇ ਉਹ ਆਪਣੇ ਪਤੀ ਦੀ ਕਿਸੇ ਗੱਲ ਦਾ ਵਿਰੋਧ ਕਰਦੀ ਹੈ ਤਾਂ ਪਤੀ 'ਪ੍ਰਮੇਸ਼ਰ' ਉਸਦੇ ਵਿੰਗ-ਵਲ ਕੱਢਣ ਲਈ ਡੰਡੋਰਕਾ ਚੁੱਕ ਕੇ, ਇੱਕ ਗੀਤ ਦੀ ਜ਼ੁਬਾਨੀ ਇਉਂ ਲਲਕਾਰਦਾ ਹੈ : "ਕਰਦੂੰ ਗਜ ਵਰਗੀ, ਜੇ ਮੁੜਕੇ ਬਰਾਬਰ ਬੋਲੀ।" ਇਵੇਂ ਹੀ ਜਵਾਨ ਵਿਧਵਾ ਦੀਆਂ ਆਪਣੀਆਂ ਮਜਬੂਰੀਆਂ ਹਨ। ਵਿਧਵਾ ਨੂੰ ਕਟੀ ਪਤੰਗ ਸਮਝਿਆ ਜਾਂਦਾ ਹੈ, ਜਿਸ ਦੀ ਡੋਰ ਲੁੱਟਣ ਲਈ ਕਈ ਮਰਦ (ਮੁਸਟੰਡੇ) ਅੱਡੀ ਚੋਟੀ ਦਾ ਜ਼ੋਰ ਲਾ ਦਿੰਦੇ ਹਨ। ਇਹ ਵੀ ਇੱਕ ਸੱਚਾਈ ਹੈ ਕਿ ਜੇ ਪਤੀ ਮਰ ਜਾਵੇ ਤਾਂ ਪਤਨੀ ਸਾਰੀ ਉਮਰ ਇਕੱਲੀ ਰਹਿ ਕੇ ਔਲਾਦ ਨੂੰ ਸਾਂਭਦੀ ਹੈ, ਜਦੋਂ ਕਿ ਮਰਦ, ਆਮ ਤੌਰ 'ਤੇ ਚਾਲਾਕ, ਮੱਕਾਰ ਤੇ ਮੌਕਾਪ੍ਰਸਤ ਹੁੰਦੇ ਹਨ (ਜੇ ਪਤਨੀ ਕਿਸੇ ਗੰਭੀਰ ਰੋਗ ਤੋਂ ਪੀੜਤ ਹੋਵੇ ਤਾਂ ਪਤੀ ਦੇਵ ਕਈ ਵਾਰ ਐਡਵਾਂਸ ਬੁਕਿੰਗ ਵੀ ਕਰਵਾ ਕੇ ਰੱਖਦਾ ਹੈ)।

ਹੁਣ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਔਰਤ ਲਈ ਪੈਰ-ਪੈਰ 'ਤੇ ਰੋਣ ਦਾ ਮੁਕਾਮ ਹੈ, ਜਿਵੇਂ ਉਹ ਧੁਰੋਂ ਹੀ ਇਹ ਲੇਖ ਲਿਖਵਾ ਕੇ ਲਿਆਈ ਹੋਵੇ। ਵਿਆਹ ਤੋਂ ਪਹਿਲਾਂ ਵੀ ਉਹ ਜ਼ੰਜੀਰਾਂ ਵਿੱਚ ਜਕੜੀ ਹੋਈ ਹੈ ਅਤੇ ਵਿਆਹ ਤੋਂ ਬਾਅਦ ਵੀ। ਸੁਰਜੀਤ ਪਾਤਰ ਦੀਆਂ ਸਤਰਾਂ ਹਨ :-

**ਇੱਕ ਕੈਦ 'ਚੋਂ ਦੂਜੀ ਕੈਦ 'ਚ ਪਹੁੰਚ ਗਈ ਹੈ,**
**ਕੀ ਖੱਟਿਆ ਵਟਣਾ ਮਲਕੇ, ਮਹਿੰਦੀ ਲਾਕੇ।**

ਸੱਚ ਤਾਂ ਇਹ ਹੈ ਕਿ 'ਏਸ ਦੇਸ਼ ਦੀ ਹਰ ਧੀ ਦਾ ਮਸਤਕ ਖੋਟਾ ਹੈ।' ਅਜਿਹੇ ਮੰਦਭਾਗੀ ਹਾਲਾਤ ਨਾਲ ਜੂਝ ਰਹੀ ਔਰਤ, ਅਕਸਰ ਆਪਣੇ ਦਰਦ ਨੂੰ ਇੱਕ ਟਿੱਸ-ਟਿੱਸ ਕਰਦੇ ਫੋੜੇ ਵਾਂਗੂੰ ਬੋਚ ਕੇ ਰੱਖਦੀ ਹੈ, "ਜਿਵੇਂ ਕਬੂਤਰ ਤੀਰ ਖਾ ਕੇ ਜ਼ਖਮਾਂ ਨੂੰ ਖੰਭਾਂ ਹੇਠ ਛਿਪਾ ਰੱਖਦਾ ਹੈ, ਤਿਵੇਂ ਇਸਤਰੀ ਆਪਣੇ ਦਿਲ ਵਿੱਚ ਕਿਤਨੇ ਹੀ ਦਰਦ ਛੁਪਾਈ ਰੱਖਦੀ ਹੈ।'-ਵੇਦਵਿਆਸ। ਪਰ ਇਹ ਕਹਿਣਾ ਸ਼ਾਇਦ ਸੱਚ ਦੇ ਜ਼ਿਆਦਾ ਕਰੀਬ ਹੋਵੇਗਾ ਕਿ :-

**ਨਾਰੀ ਨਾਮ ਇੱਕ ਐਸੇ ਅਹਿਸਾਸ ਦਾ ਹੈ,**
**ਜਿਵੇਂ ਜ਼ਖਮ 'ਚ ਪੀੜ ਹੈ ਘੁਲੀ ਰਹਿੰਦੀ।**

**-ਸ਼ਿਵ ਕੁਮਾਰ ਬਟਾਲਵੀ।**

ਦੂਜੇ ਪਾਸੇ, ਸੁਤੰਤਰ ਤੇ ਸਵੈਮਾਨੀ ਮਰਦ ਕਿਸੇ ਕੋਲੋਂ ਨਹੀਂ ਡਰਦਾ ਅਤੇ ਨਾ ਹੀ ਮਹਾਂਪੁਰਸ਼ਾਂ ਦੇ ਉਪਦੇਸ਼ਾਂ ਦੀ ਪਾਲਣਾ ਕਰਦਾ ਹੈ। ਸਾਡੇ ਸ਼ਾਸਤਰਾਂ ਅਨੁਸਾਰ ਇਸਤਰੀ, ਪੁਰਸ਼ ਦੀ ਅਰਧਾਂਗਨੀ (ਅੱਧਾ ਅੰਗ ਹੈ) ਪਰ ਮਰਦ ਵੱਲੋਂ ਇਸਤਰੀ ਨੂੰ ਕਦੇ ਵੀ ਬਰਾਬਰ ਦਾ ਅੱਧ ਨਹੀਂ ਸਮਝਿਆ ਗਿਆ।

ਪੰਜ ਸਦੀਆਂ ਪਹਿਲਾਂ, ਅੱਜ ਨਾਲੋਂ ਕਿਤੇ ਵੱਧ ਔਰਤ ਵਿਰੋਧੀ ਵਾਤਾਵਰਣ ਸੀ। ਉਦੋਂ ਬਾਬਾ ਨਾਨਕ ਨੇ ਸਮਾਜ ਨੂੰ ਸਾਹਮਣਿਓਂ ਲਲਕਾਰਿਆਂ ਅਤੇ ਤੜਪਦੀ ਔਰਤ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। ਇਸ ਕ੍ਰਾਂਤੀਕਾਰੀ ਕਦਮ ਨੂੰ ਅੱਗੇ ਤੋਰਦਿਆਂ, ਗੁਰੂ ਅਮਰ ਦਾਸ ਨੇ ਸਤੀ ਪ੍ਰਥਾ ਵਿਰੁੱਧ ਆਵਾਜ਼ ਉਠਾਈ। ਗੁਰੂ ਗੋਬਿੰਦ ਸਿੰਘ ਨੇ ਮਾਤਾ ਸਾਹਿਬ ਦੇਵਾਂ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਬਖਸ਼ਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਇੱਕ ਤਰ੍ਹਾਂ ਨਾਲ ਆਜ਼ਾਦ ਕਰ ਦਿੱਤਾ।

ਔਰਤ ਨੂੰ ਬੇਵਫ਼ਾ, ਝੂਠੀ ਤੇ ਧੋਖੇਬਾਜ਼ ਕਹਿਣ ਵਾਲਿਓ, ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਕਿ ਤੁਸੀਂ ਕਿੰਨੇ ਕੁ ਸੱਚੇ-ਸੁੱਚੇ ਹੋ ! ਸੱਚ ਤਾਂ ਇਹ ਹੈ ਕਿ "ਅਸੀਂ ਰੱਬ ਤੋਂ ਉਤਰਕੇ ਔਰਤ ਦੇ ਦੇਣਦਾਰ ਹਾਂ, ਜਿਸ ਨੇ ਪਹਿਲਾਂ ਜ਼ਿੰਦਗੀ ਦਿੱਤੀ ਅਤੇ ਫਿਰ ਜ਼ਿੰਦਗੀ ਨੂੰ ਜਿਊਣਯੋਗ ਬਣਾਇਆ।"-ਮਿ. ਸੇਟਲੇਵੋ। ਸੋ, ਜਿਨ੍ਹਾਂ ਰੱਬ ਦਿਆਂ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਵੇਖ ਲਿਆ ਹੈ, ਉਹ ਉਸ ਦੇ ਪੁਜਾਰੀ ਬਣ ਗਏ ਹਨ। ਖੈਰ !

ਜੀਵਨ ਤਜਰਬਾ ਦੱਸਦਾ ਹੈ ਕਿ ਹਰ ਕਾਮਯਾਬ ਇਨਸਾਨ ਦੇ ਪਿੱਛੇ ਇੱਕ ਔਰਤ ਦਾ ਹੱਥ ਹੁੰਦਾ ਹੈ। ਉਹ ਔਰਤ, ਆਮ ਤੌਰ 'ਤੇ, ਇੱਕ ਮਾਂ ਜਾਂ ਪਤਨੀ ਹੁੰਦੀ ਹੈ। ਮਹਾਂਭਾਰਤ ਵਿੱਚ ਲਿਖਿਆ ਹੈ ਕਿ "ਮਰਦ ਦਾ ਨਾਰੀ ਦੇ ਸਮਾਨ ਕੋਈ ਦੋਸਤ ਨਹੀ।" ਸੋ, ਪਤੀ ਨੂੰ ਆਪਣੀ ਪਤਨੀ ਨਾਲ ਇੱਕ ਦੋਸਤ ਦੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਸੰਬੰਧ ਵਿੱਚ ਪਾਦਰੀ ਥਿਉਡਰ ਹੇਜ਼ਬਰਗ ਦਾ ਇਹ ਕਥਨ ਕਾਬਿਲ-ਏ-ਗੌਰ ਹੈ: "ਇੱਕ ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਜੋ ਕੰਮ ਕਰ ਸਕਦਾ ਹੈ, ਉਹ ਹੈ ਉਨ੍ਹਾਂ ਦੀ ਮਾਂ ਨਾਲ ਅਥਾਹ ਪਿਆਰ।"

ਹੁਣ ਤੱਕ ਦੀ ਗੱਲਬਾਤ ਤੋਂ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਔਰਤ ਅਜ਼ੀਮ ਹੈ। ਤਾਹੀਉਂ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ

ਵਕਾਲਤ ਕਰਦੇ ਹਨ।....ਪਰ ਔਰਤ ਵਿਰੋਧੀ ਹਰ ਵਰਤਾਰੇ ਲਈ ਮਰਦ ਨੂੰ ਭੰਡਣਾ ਤੇ ਔਰਤ ਨੂੰ ਖਾਹਮਖਾਹ ਪੀੜਤ ਸਾਬਤ ਕਰੀ ਜਾਣਾ ਵੀ ਗਲਤ ਗੱਲ ਹੈ, ਕਿਉਂਕਿ ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ ਹੈ। ਸੋ, ਔਰਤ ਨੂੰ ਵੀ ਆਪਣੀ ਸੋਚ ਵਿੱਚ ਉਸਾਰੂ ਪਰਿਵਰਤਨ ਲਿਆਉਣ ਦੀ ਲੋੜ ਹੈ, ਤਾਂ ਕਿ ਕੋਈ ਇਹ ਨਾ ਕਹਿ ਸਕੇ ਕਿ 'ਔਰਤ ਹੀ ਔਰਤ ਦੀ ਦੁਸ਼ਮਣ' ਹੈ।

ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਕੇਵਲ ਉਹ ਸਮਾਜ ਹੀ ਸਭਿਆ ਕਹਾਉਣ ਦਾ ਹੱਕਦਾਰ ਹੈ, ਜਿਸ ਵਿੱਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਇਸ ਸੰਦਰਭ ਵਿੱਚ ਪੰ. ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ "ਕਿਸੇ ਕੌਮ ਵਿੱਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿੱਚੋਂ ਇੱਕ ਹੈ।" ਅਰਸਤੂ ਕਹਿੰਦਾ ਹੈ ਕਿ "ਇਸਤਰੀ ਦੀ ਉਨਤੀ ਅਤੇ ਗਿਰਾਵਟ 'ਤੇ ਹੀ ਰਾਸ਼ਟਰ ਦੀ ਉੱਨਤੀ ਅਤੇ ਗਿਰਾਵਟ ਨਿਰਭਰ ਕਰਦੀ ਹੈ।" ਹੋਰ ਤਾਂ ਹੋਰ! ਇਸਤਰੀ ਜਾਤੀ ਦਾ ਸਭ ਤੋਂ ਵੱਡਾ ਦੁਸ਼ਮਣ, ਮਨੂੰ ਵੀ ਇਹ ਕਹਿਣ ਲਈ ਮਜਬੂਰ ਹੈ ਕਿ "ਜਿਸ ਘਰ ਜਾਂ ਖਾਨਦਾਨ ਵਿੱਚ ਇਸਤਰੀਆਂ ਦੀ ਪੂਜਾ ਹੁੰਦੀ ਹੈ, ਭਾਵ ਆਦਰ-ਸਤਿਕਾਰ ਹੁੰਦਾ ਹੈ, ਉਸ ਘਰ 'ਤੇ ਦੇਵਤੇ ਖੁਸ਼ ਰਹਿੰਦੇ ਹਨ ਅਤੇ ਜਿਸ ਘਰ ਵਿੱਚ ਇਸਤਰੀਆਂ ਦੁਖੀ ਹਨ, ਉਥੇ ਕੋਈ ਵੀ ਪੁੰਨ ਨਹੀਂ ਫਲਦਾ। ਉਹ ਘਰ ਛੇਤੀ ਹੀ ਤਬਾਹ ਹੋ ਜਾਂਦਾ ਹੈ।" ਨਿਰਸੰਦੇਹ, ਜਿੱਥੇ ਨਾਰੀ ਦਾ ਉੱਚ ਸਥਾਨ ਹੈ, ਉੱਥੇ ਖੁਸ਼ੀਆਂ, ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਸ਼੍ਰੋਮਣੀ ਪਰੱਤਕਾਰ ਬੀ.ਐਸ. ਬੀਰ ਦੀਆਂ ਸਤਰਾਂ ਹਨ:-

**"ਸੰਦਲੀ ਪੌਣਾਂ ਝੂਲਦੀਆਂ,**
**ਜਿੱਥੇ ਨਾਰੀ ਦਾ ਸਨਮਾਨ।"**

**ਡਾ. ਹਰਚੰਦ ਸਿੰਘ ਸਰਹਿੰਦੀ**

## ਲੋਕ ਤੱਥ

**ਜਸਮੀਤ ਕੌਰ**


1. ਜ਼ਿੰਦਗੀ ਦੀ ਹਰ ਸਵੇਰ ਕੁਝ ਸ਼ਰਤਾਂ ਲੈ ਕੇ ਆਉਂਦੀ ਹੈ ਅਤੇ ਜ਼ਿੰਦਗੀ ਦੀ ਹਰ ਸ਼ਾਮ ਕੁਝ ਤਜ਼ਰਬੇ ਦੇ ਕੇ ਜਾਂਦੀ ਹੈ।
2. ਬੁਢਾਪੇ ਦੀ ਸ਼ਿਕਾਇਤ ਨਹੀਂ ਕਰਨੀ ਚਾਹੀਦੀ, ਕਿਉਂਕਿ ਕਈਆਂ ਨੂੰ ਬੁੱਢੇ ਹੋਣ ਦਾ ਮੌਕਾ ਨਹੀਂ ਮਿਲਦਾ।
3. ਅੱਜ ਰੋਟੀ ਦੇ ਪਿੱਛੇ ਭੱਜਦਾ ਹਾਂ ਤਾਂ ਯਾਦ ਆਉਂਦਾ ਹੈ, ਕਿ ਮੈਨੂੰ ਰੋਟੀ ਖਿਲਾਉਣ ਵਾਸਤੇ ਕਦੀ ਮਾਂ ਵੀ ਮੇਰੇ ਪਿੱਛੇ ਭੱਜਦੀ ਸੀ।
4. ਦੁਸ਼ਮਣ ਬਣਾਉਣ ਲਈ ਜ਼ਰੂਰੀ ਨਹੀਂ ਕਿ ਲੜਿਆ ਜਾਵੇ, ਬਸ ਥੋੜ੍ਹੇ ਜਿਹੇ ਕਾਮਯਾਬ ਹੋ ਜਾਓ ਦੁਸ਼ਮਣ ਤਾਂ ਖੈਰਾਤ ਵਿੱਚ ਮਿਲਣਗੇ।
5. ਲਾਹਨਤ ਹੈ ਉਨ੍ਹਾਂ 'ਤੇ ਜੋ ਸਾਧਾਂ ਨੂੰ ਪਿਤਾ ਜੀ ਅਤੇ ਰੱਬ ਵਰਗੇ ਪਿਉ ਨੂੰ ਬੁੜਾ ਕਹਿ ਕੇ ਬੁਲਾਉਂਦੇ ਹਨ।
6. ਜੇ ਤੂੰ ਬਚਣਾ ਹੈ ਤਾਂ ਆਪਣਿਆਂ ਤੋਂ ਬਚ, ਇਹ ਨਾ ਸੋਚ ਲੋਕੀਂ ਕੀ ਕਹਿਣਗੇ, ਸੱਚ ਜਾਣੀ ਤੈਨੂੰ ਉਜੜਦਾ ਦੇਖ ਕੇ ਸਵਾਦ ਤੇਰੇ ਆਪਣੇ ਹੀ ਲੈਣਗੇ।
7. ਏਡੀਆਂ ਗੂੜੀਆਂ ਛਾਵਾਂ ਜੱਗ 'ਤੇ ਲੱਭਦੀਆਂ ਨਹੀਂ, ਜੇ ਇੱਕ ਵਾਰ ਤੁਰ ਜਾਣਾ ਤਾਂ ਮਾਵਾਂ ਲੱਭਦੀਆਂ ਨਹੀਂ।
8. ਜੇਕਰ ਤੁਸੀਂ ਗੁੱਸੇ ਵਾਲੇ ਤੇ ਹੰਕਾਰੀ ਹੋ ਤਾਂ ਤੁਹਾਨੂੰ ਦੁਸ਼ਮਣਾਂ ਦੀ ਲੋੜ ਨਹੀਂ, ਤੁਹਾਨੂੰ ਬਰਬਾਦ ਕਰਨ ਲਈ ਇਹ ਦੋ ਗੁਣ ਕਾਫੀ ਹਨ।
9. ਆਪਣਾ ਹੋਵੇ ਤਾਂ ਸ਼ੀਸ਼ੇ ਵਰਗਾ ਜਿਹੜਾ ਹੱਸੇ ਵੀ ਨਾਲ ਤੇ ਰੋਵੇ ਵੀ ਨਾਲ।
10. ਕਿਵੇਂ ਦੇ ਲੋਕ ਨੇ ਨਾ ਸਿੱਧੀ 'ਨਾਂਹ' ਬੋਲਦੇ ਨੇ ਨਾ ਸਿੱਧੀ 'ਹਾਂ' ਬੋਲਦੇ ਨੇ ਪਰ ਜਿਥੇ ਫਾਇਦਾ ਹੋਵੇ ਉਥੇ ਮਿੱਠੀ ਜ਼ੁਬਾਨ ਬੋਲਦੇ ਨੇ।
11. ਮੁਸੀਬਤ ਵੇਲੇ ਇਹ ਨਾ ਸੋਚੋ ਕਿ ਹੁਣ ਕੌਣ ਕੰਮ ਆਵੇਗਾ ਬਲਕਿ ਇਹ ਸੋਚੋ ਕਿ ਹੁਣ ਕੌਣ ਛੱਡ ਕੇ ਜਾਵੇਗਾ?
12. ਸੈਲੂਨ ਤੇ ਬਿਊਟੀ ਪਾਰਲਰਾਂ ਦੀ ਬਹੁਤਾਤ ਹੋ ਗਈ ਹੁਣ ਲਾਇਬ੍ਰੇਰੀਆਂ ਦੀ ਬਜਾਏ, ਕਿਉਂਕਿ ਅੱਜ ਕੱਲ੍ਹ ਲੋਕ ਅਕਲਾਂ ਦੀ ਬਜਾਏ ਸ਼ਕਲਾਂ ਨੂੰ ਤਰਜ਼ੀਹ ਦਿੰਦੇ ਹਨ।

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

**ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**

**ਭਗਵਾਨ ਸਿੰਘ ਲੁਬਾਣਾ**



ਬਿੱਟੂ ਲਹਿਰੀ

## ਸ਼ੇਅਰ

1. **ਇੱਕ ਜੱਲ੍ਹਾ ਨਾਮ ਮਲਾਹ ਦਾ, ਹਰੀ ਕਾ ਪੱਤਣ ਠੇਲੇ ਬੇੜੀ।**
2. **ਨਿੱਤ ਪਾਣੀ ਬਾਤਾਂ ਪਾਵੰਦਾ, ਰੱਖ ਕੇ ਸ਼ੇਰ ਦੇ ਵਾਂਗ ਦਲੇਰੀ।**
3. **ਮੁੱਖ ਸੂਰਜ ਦਮਕਾਂ ਮਾਰਦਾ, ਰੰਗ ਭੱਖਦਾ ਸੋਨ ਸੁਨਿਹਰੀ।**
4. **ਉਹ ਪ੍ਰਨੀਜਾ ਚੜ੍ਹਦੀ ਉਮਰੇ, ਉਹਦੀ ਉਮਰ ਸੀ ਬਹੁਤ ਲੰਮੇਰੀ।**
5. **ਘਰ ਨੇਕ ਸੁਆਣੀ ਉਸ ਦੇ, ਪਰ ਕਰਮਾਂ ਵਿੱਚ ਹੇਰੀ ਫੇਰੀ।**
6. **ਜੋ ਪਾਇਆ ਖੋਇਆ ਜੱਲ੍ਹੇ ਨੇ, ਉਹ ਸਭ ਦੱਸੂ ਅੱਗੇ 'ਲਹਿਰੀ'।**

## ਕਿੱਸਾ ਜੱਲ੍ਹੇ ਦਾ ਛੱਲਾ

ਜੱਲ੍ਹਾ ਮਲਾਹ ਜੋ ਆਪਣੀ ਰੋਜ਼ੀ ਰੋਟੀ ਦੀ ਖਾਤਰ ਦਰਿਆ ਸਤਲੁਜ ਤੇ ਬਿਆਸ ਦੇ ਪਾਣੀ ਨੂੰ ਪਾਰ ਕਰਨ ਲਈ ਬਣਿਆ ਹਰੀਕਾ ਪੱਤਣ ਜੋ ਅੱਜ-ਕੱਲ੍ਹ ਹਿੰਦੁਸਤਾਨ ਦੇ ਪੰਜਾਬ ਸੂਬੇ ਵਿੱਚ ਮੌਜੂਦ ਹੈ। ਜੱਲ੍ਹਾ ਦਰਿਆ ਵਿੱਚ ਬੇੜੀ ਠੇਲਿਆ ਕਰਦਾ ਸੀ। ਮੁਸਾਫਿਰਾਂ ਨੂੰ ਦਰਿਆ ਤੋਂ ਆਰ-ਪਾਰ ਕਰਦਾ ਸੀ, ਜਿਸ ਕਰਕੇ ਜੱਲ੍ਹਾ ਮਲਾਹ ਵੱਜਣ ਲੱਗ ਪਿਆ।

ਜੱਲ੍ਹੇ ਦੇ ਵਿਆਹ ਨੂੰ ਪੈਂਤੀ ਸਾਲ ਗੁਜ਼ਰ ਗਏ, ਪਰ ਜੱਲ੍ਹੇ ਦੇ ਘਰ ਕੋਈ ਔਲਾਦ ਨਾ ਹੋਈ। ਪੁੱਤਰ ਦੀ ਦਾਤ ਲੈਣ ਲਈ ਥਾਂ-ਥਾਂ ਦਰਗਾਹਾਂ ਤੇ ਮੱਥੇ ਰਗੜੇ, ਨਮਾਜਾਂ ਪੜ੍ਹੀਆਂ ਪਰ ਪੁੱਤਰ ਬਿਨ੍ਹਾਂ ਝੋਲੀ ਖਾਲੀ ਸੀ। ਪੁੱਤਰ ਦੀ ਤੜਪ ਵਿੱਚ ਵੈਦਾਂ, ਹਕੀਮਾਂ ਤੋਂ ਵੀ ਕੁੱਝ ਹਾਸਲ ਨਾਂ ਹੋਇਆ। ਦਿਨੋ-ਦਿਨ ਵੱਧਦੀ ਉਮਰ, ਪੁੱਤਰ ਦੇ ਚਾਅ ਵਿੱਚ ਪੀਰਾਂ-ਫਕੀਰਾਂ ਦੇ ਡੇਰਿਆਂ ਤੇ ਵੀ ਫਰਿਆਦਾਂ ਕੀਤੀਆਂ ਪਰ ਅੱਲ੍ਹਾ ਨੂੰ ਕੁੱਝ ਹੋਰ ਮਨਜ਼ੂਰ ਸੀ।

ਦੋਹਾਂ ਜੀਆਂ ਦਾ ਬੁਢਾਪੇ ਵਿੱਚ ਪੈਰ ਪੈ ਚੁੱਕਿਆ ਸੀ। ਸਾਰੇ ਦਿਨ ਦੇ ਕੰਮ ਦਾ ਥਕੇਵਾਂ ਦਿਨੋ-ਦਿਨ ਮਸਾਂ ਆਪ ਨੂੰ ਸੰਭਾਲਣ ਵਾਲਾ ਬਣਦਾ ਜਾਂਦਾ ਸੀ। ਜਿਵੇਂ ਸਿਆਣਿਆਂ ਨੇ ਕਿਹਾ,"ਅੱਲ੍ਹਾ ਘਰ ਦੇਰ ਹੈ ਅੰਧੇਰ ਨਹੀਂ।" ਜੱਲ੍ਹਾ ਤੇ ਉਸ ਦੀ ਸੁਆਣੀ ਘਰ ਵਿੱਚ ਬੈਠੇ ਸਨ ਤਾਂ ਉੱਤੋਂ ਇੱਕ ਫਕੀਰ ਆ ਗਿਆ ਤੇ ਕਹਿਣ ਲੱਗਾ, "ਅੱਲ੍ਹਾ ਦੇ ਬੰਦਿਓ, ਫਕੀਰ ਨੇ ਭੋਜਨ ਛੱਕਣਾ ਹੈ।" ਦੋਵੇਂ ਜੀਅ ਮੰਜੇ ਤੋਂ ਉਠ ਕੇ ਪਰ੍ਹੇ ਹੋ ਗਏ ਅਤੇ ਬੜੇ ਸਤਿਕਾਰ ਨਾਲ ਫਕੀਰ ਸਾਈਂ ਨੂੰ ਮੰਜੇ ਤੇ ਚਾਦਰ ਪਾ ਕੇ ਬਿਠਾ ਦਿੱਤਾ। ਜੱਲ੍ਹੇ ਦੀ ਸੁਆਣੀ ਭੋਜਨ ਤਿਆਰ ਕਰਨ ਲੱਗ ਪਈ ਤੇ ਜੱਲ੍ਹਾ ਫ਼ਕੀਰ ਸਾਈਂ ਦੇ ਹੱਥ ਪੈਰ ਧੋਣ ਲੱਗ ਪਿਆ। ਭੋਜਨ ਖਾ ਫਕੀਰ ਸਾਈਂ ਸੁੱਖੀ ਵੱਸਣ ਦੀਆਂ ਅਸੀਸਾਂ ਦੇ ਕੇ ਤੁਰ ਪਿਆ। ਵਿਹੜੇ ਤੋਂ ਬਾਹਰ ਜਾ ਕੇ ਫਕੀਰ ਸਾਈਂ ਫਿਰ ਮੁੜ ਆਇਆ। ਕਹਿਣ ਲੱਗਾ, "ਗੁਰੂ ਦੇ ਭਲੇ ਬੰਦਿਓ, ਤੁਸੀ ਕੁੱਝ ਮੰਗਿਆ ਨਹੀਂ।" ਜੱਲ੍ਹਾ ਤੇ ਉਸ ਦੀ ਸੁਆਣੀ ਦੋਵੇਂ ਜਣੇ ਹੱਥ ਜੋੜ ਕੇ ਖੜ੍ਹੇ ਹੋ ਗਏ। ਕਹਿੰਦੇ, "ਸਾਰੀ ਉਮਰ ਤਾਂ ਸਾਡੀ ਪੁੱਤਰ ਮੰਗਦਿਆਂ ਦੀ ਲੰਘ ਗਈ, ਹੁਣ ਤਾਂ ਉਮਰ ਵੀ ਵਡੇਰੀ ਹੋ ਗਈ ਹੈ, ਹੁਣ ਕੀ ਮੰਗੀਏ ਫਕੀਰ ਸਾਈਂ।" ਫਕੀਰ ਨੇ ਜੱਲ੍ਹੇ, ਤੇ ਉਸ ਦੀ ਸੁਆਣੀ ਦਾ ਸਬਰ ਦਾ ਬੰਨ, ਤੋੜ ਦਿੱਤਾ ਤੇ ਕਿਹਾ, ਭਲਿਉ ਆਉਂਦੇ ਸਾਲ ਤੁਹਾਡੇ ਘਰ ਸੋਹਣਾ ਜਿਹਾ ਲਾਲ ਖੇਡੇਗਾ।"

ਜੱਲ੍ਹੇ ਦੀ ਤਰ੍ਹਾਂ ਉਸ ਦੀ ਨੇਕ ਸੁਆਣੀ ਜੱਲ੍ਹੇ ਦੇ ਘਰ ਆਏ ਤੋਂ ਰੋਟੀ ਖਾਂਦੀ। ਜੱਲ੍ਹੇ ਦੀ ਅੱਲ੍ਹਾ ਨੇ ਫਰਿਆਦ ਸੁਣ ਲਈ ਅਤੇ ਇੱਕ ਸਾਲ ਬਾਅਦ ਜੱਲ੍ਹੇ ਦੇ ਘਰ ਪੁੱਤਰ ਨੇ ਜਨਮ ਲਿਆ। ਘਰ ਵਿੱਚ ਆਈਆਂ ਖੁਸ਼ੀਆਂ ਤੋਂ ਖੁਸ਼ ਹੋ ਕੇ ਮਾਪੇ ਪੁੱਤਰ ਦਾ ਨਾਂ ਇਸ ਤਰ੍ਹਾਂ ਰੱਖਦੇ ਹਨ -

## ਸ਼ੇਅਰ

1. **ਪਿਛਲੀ ਉਮਰੇ ਜੰਮਿਆ, ਉਹ ਬਹੁਤ ਸੀ ਰੱਜ ਕੇ ਸੋਹਣਾ।**
2. **ਮਿੱਠਾ ਫਲ ਸੀ ਸਬਰ ਦਾ, ਨਾ ਹੋਰ ਇਹੋ ਜਿਹਾ ਹੋਣਾ।**
3. **ਦੂਣ ਸਵਾਏ ਹੋ ਗਏ ਮਾਪੇ, ਸ਼ੁਕਰ ਗੁਜਾਰਣ ਅੱਲ੍ਹਾ।**
4. **ਮਾਂ ਬਾਪ ਨੇ ਸੋਚ ਕੇ, ਉਹਦਾ ਨਾਂ ਰੱਖਿਆ ਸੀ ਛੱਲਾ।**

**ਵਿਸਥਾਰ** - ਜੱਲ੍ਹੇ ਤੇ ਉਸ ਦੀ ਘਰ ਵਾਲੀ ਨੇ ਆਪਣੇ ਪੁੱਤਰ ਦਾ ਨਾਂ ਛੱਲਾ ਰੱਖ ਦਿੱਤਾ। ਘਰ ਵਿੱਚ ਵਧਾਈਆਂ ਦੇਣ ਆਏ ਲੋਕਾਂ ਨੇ ਛੱਲੇ ਨੂੰ ਅਸੀਸਾਂ

ਦਿੱਤੀਆਂ ਅਤੇ ਉਸ ਦੀ ਲੰਬੀ ਉਮਰ ਦੀ ਕਾਮਨਾ ਕੀਤੀ।

## ਸ਼ੇਅਰ

**1. ਮਿਲਣ ਵਧਾਈਆਂ, ਮਾਂ ਪਿਉ ਤਾਈਂ, ਇੱਕ ਆਵੇ ਇੱਕ ਜਾਵੇ।**

**2. ਨਿੱਤ ਜੱਲ੍ਹਾ ਗੁੜ ਵੰਡੇ ਪਸੇਰੀ, ਸਭ ਦਾ ਮੂੰਹ ਮਿੱਠਾ ਕਰਵਾਵੇ।**

**3. ਹੋਈ ਸੁਹਾਗਣ ਘਰ ਵਾਲੀ ਤੇਰੀ, ਅੱਲ੍ਹਾ ਕਰਮ ਕਮਾਵੇ।**

**4. ਜੱਲ੍ਹਿਆ ਤੇਰਾ ਛੱਲਾ ਸੋਹਣਾ, ਇਹ ਲੰਬੀ ਉਮਰ ਹੰਢਾਵੇ।**

**ਵਿਸਥਾਰ** - ਜੱਲ੍ਹੇ ਦੇ ਘਰ ਪੁੱਤਰ ਜੰਮਿਆ ਤਾਂ ਇਕ ਮਹੀਨੇ ਬਾਅਦ ਜੱਲ੍ਹਾ ਦਰਿਆ ਤੇ ਬੇੜੀ ਠੇਲ੍ਹਣ ਗਿਆ। ਉਹ ਪਾਣੀ ਦੇ ਜੀਵਾਂ ਲਈ ਰੋਟੀਆਂ ਉਤੇ ਪੰਸੇਰੀ ਗੁੜ ਦੀ ਲੈ ਗਿਆ, ਤਾਂ ਜੋ ਪੁੱਤਰ ਜੰਮਣ ਦੀ ਖੁਸ਼ੀ ਪਾਣੀ ਦੇ ਸਾਰੇ ਜੀਵਾਂ ਨਾਲ ਮਨਾਈ ਜਾ ਸਕੇ। ਜੀਵ ਪਹਿਲਾਂ ਹੀ ਦਰਿਆ ਦੇ ਕੰਢੇ ਤੇ ਇਕੱਠੇ ਹੋ ਕੇ ਜਿਵੇਂ ਜੱਲ੍ਹੇ ਦੀ ਉਡੀਕ ਕਰ ਰਹੇ ਸੀ। ਜਦੋਂ ਉਹਨਾਂ ਨੇ ਵੇਖਿਆ ਕਿ ਜੱਲ੍ਹਾ ਆ ਗਿਆ ਤਾਂ ਸਾਰੇ ਖੁਸ਼ ਹੋ ਗਏ। ਜੱਲ੍ਹਾ ਪਾਣੀ ਦੇ ਜੀਵਾਂ ਨਾਲ ਗੱਲਾਂ ਕਰਦਾ ਕੀ ਕਹਿੰਦਾ ਹੈ –

## ਸ਼ੇਅਰ

**1. ਪੁੱਤਰ ਦਿੱਤਾ ਅੱਲ੍ਹਾ ਮੈਨੂੰ, ਤੁਹਾਡਾ ਮੂੰਹ ਮਿੱਠਾ ਕਰਾਵਾਂ।**

**2. ਭੋਰ ਮੈਂ ਪਹਿਲਾ ਰੋਟੀਆਂ ਪਾਈਆਂ, ਗੁੜ ਵੀ ਅੱਜ ਖੁਆਵਾਂ।**

**3. ਨਾਤੇ ਧੋਤੇ ਜੀਅ ਨੇ ਰੱਬ ਦੇ, ਮੈਂ ਆਪਣਾ ਫਰਜ ਨਿਭਾਵਾਂ।**

**4. ਅਸੀਸਾਂ ਦੇਂਦੇ ਆਪਣੀ ਬੋਲੀ, ਪਰ ਮੈਂ ਸਮਝ ਨਾ ਪਾਵਾਂ।**

**5. ਤਾਰੀਆਂ ਲਾ ਕੇ ਕੰਢੇ ਆ ਗਏ, ਖੁਸ਼ ਹੁੰਦੇ ਨਜ਼ਰ ਮਿਲਾਵਾਂ।**

**6. ਤੁਸੀਂ ਪਾਣੀ 'ਚ ਮੈ ਧਰਤੀ ਤੇ, 'ਲਹਿਰੀ' ਗਲ ਨਾਲ ਮਿਲਦੀਆਂ ਬਾਹਵਾਂ।**

**ਵਿਸਥਾਰ** - ਜੱਲ੍ਹਾ ਹਾਲੇ ਡੱਡੂਆਂ ਅਤੇ ਮੱਛੀਆਂ ਨਾਲ ਗੱਲਾਂ ਕਰ ਹੀ ਰਿਹਾ ਸੀ ਤਾਂ ਅੰਮ੍ਰਿਤਸਰ ਤੋਂ ਆਏ ਮੁਸਾਫਿਰ ਕਹਿੰਦੇ, "ਜੱਲ੍ਹਿਆ ਇਸ ਉਮਰ ਵਿੱਚ ਤੇਰੇ ਘਰ ਪੁੱਤਰ ਜੰਮਿਆਂ, ਕਿਤੇ ਝੂਠ ਤਾਂ ਨਹੀ ਬੋਲਦਾ।" ਤਾਂ ਜੱਲ੍ਹੇ ਨੇ ਮੁਸਾਫਿਰਾਂ ਨੂੰ ਜੁਆਬ ਦਿੱਤਾ –

## ਸ਼ੇਅਰ

**1. ਬਿਨ ਮੰਗੇ ਤੋਂ ਹੀਰਾ ਮਿਲਿਆ, ਮੰਗਿਆਂ ਨਾ ਮਿਲਦੀ ਭੀਖ।**

**2. ਨਿਉਂਤਾ ਮੈਂ ਤੁਹਾਨੂੰ ਘੱਲਸਾਂ, ਜਦੋਂ ਕੀਤੀ ਮੁੰਡੇ ਦੀ ਰੀਤ।**

**3. ਸੁੱਕੇ ਰੁੱਖਾਂ ਨੂੰ ਫਲ ਲਾਂਵਦਾ, ਜੀਹਦੀ ਡਾਢੇ ਨਾਲ ਪ੍ਰੀਤ।**

**4. ਵਿਹੜੇ ਮੌਲਾ ਭਰਦਾ 'ਲਹਿਰੀ', ਲੱਖ ਜਾਣ ਭਾਵੇਂ ਪੀਸ।**

**ਵਿਸਥਾਰ** - ਛੱਲਾ ਸਵਾ ਮਹੀਨੇ ਦਾ ਹੋ ਗਿਆ। ਛੱਲੇ ਦੀ ਮਾਂ ਨੇ ਛੱਲੇ ਨੂੰ ਪਹਿਲੀ ਵਾਰ ਕੋਠੇ ਵਿੱਚੋਂ ਬਾਹਰ ਕੱਢਿਆ ਤੇ ਛੱਲੇ ਨੂੰ ਕੋਸੇ ਪਾਣੀ ਨਾਲ ਨੁਹਾਇਆ। ਉਸ ਵੇਲੇ ਦਾ ਹਾਲ ਇਸ ਤਰ੍ਹਾਂ ਬਿਆਨ ਕੀਤਾ ਗਿਆ।

## ਸ਼ੇਅਰ

**1. ਸਵਾ ਮਹੀਨੇ ਦਾ ਹੋਇਆ ਛੱਲਾ, ਅੰਮੀ ਪਹਿਲੀ ਵਾਰ ਨਵਾਵੇ।**

**2. ਚੰਨ ਦਾ ਟੁਕੜਾ ਹੱਥ 'ਚ ਛੱਲਾ, ਮਾਂ ਚੁਲੀਆਂ ਪਾਣੀ ਪਾਵੇ।**

**3. ਪਾਣੀ ਪਿੰਡੇ ਲੱਗਿਆ ਛੱਲੇ ਦੇ, ਤੇ ਉਹ ਹੱਥ 'ਚ ਤਿਲਕਦਾ ਜਾਵੇ।**

**4. ਸੁਕਾ ਕੇ ਪਿੰਡਾ ਮਾਂ ਛੱਲੇ ਦੀ, ਸੋਹਣੇ ਕੱਪੜੇ ਉਹ ਪਹਿਨਾਵੇ।**

**5. ਮੁਸਕਰੀਆਂ 'ਚ ਹੱਸੇ ਛੱਲਾ, ਜਦ ਅੰਮੀ ਨਜ਼ਰ ਮਿਲਾਵੇ।**

**6. ਪੰਜ ਤੱਤਾਂ ਵਿੱਚ ਆ ਗਿਆ ਛੱਲਾ, ਪਿੰਡੇ ਸੂਰਜ ਧੁੱਪ ਖਿੰਡਾਵੇ।**

**7. ਮਾਂ ਪੁੱਤਰ ਨੂੰ ਵੇਖ ਕੇ ਜੱਲ੍ਹਾ, ਉਹ ਫੁੱਲਿਆ ਨਾ ਸਮਾਵੇ।**

**8. ਦਾਈ ਛੱਲੇ ਦੀ ਬੁੱਢੀ ਮਾਈ, ਤੇ ਮੱਥੇ ਕਾਲਾ ਟਿੱਕਾ ਲਾਵੇ।**

**ਵਿਸਥਾਰ** - ਛੱਲੇ ਦੀ ਮਾਂ ਆਪਦੇ ਪੁੱਤਰ ਛੱਲੇ ਨੂੰ ਗੋਦੀ ਵਿੱਚ ਲੈ ਕੇ ਸੂਰਜ ਦੀਆਂ ਕਿਰਨਾ ਦੁਆ ਰਹੀ ਸੀ। ਛੱਲੇ ਦੀ ਦਾਈ ਛੱਲੇ ਨੂੰ ਮਾਂ ਦੀ ਗੋਦ ਵਿੱਚ ਵੇਖ ਕੇ ਲੋਰੀਆਂ ਦੀ ਬਰਸਾਤ ਇਸ ਤਰ੍ਹਾਂ ਕਰਦੀ ਸੀ।

(ਚਲਦਾ)

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ', 'ਬੀ' ਆਦਿ ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 45 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**
**ਸਹਿ ਸੰਪਾਦਕ**



(ਉੱਤਰ ਸਫ਼ਾ 40 'ਤੇ

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਹੇਠ ਲਿਖਿਆਂ ਵਿਚੋਂ ਕਿਸ ਵੱਲੋਂ ਝਾਂਸੀ ਦੀ ਰਾਣੀ ਦੇ ਪ੍ਰਸਿੱਧ ਕਵਿਤਾ ਲਿਖੀ ਗਈ ਸੀ, ਜਿਸ ਦੀ ਪ੍ਰਸਿੱਧ ਪੰਗਤੀ ਹੈ "ਖੂਬ ਲੜੀ ਮਰਦਾਨੀ ਵੋ ਤੋ ਝਾਂਸੀ ਵਾਲੀ ਰਾਨੀ ਥੀ"?
   (ੳ) ਸੁਨਿਤਰਾਨੰਦਨ ਪੰਤ (ਅ) ਭਵਾਨੀ ਪ੍ਰਸਾਦ ਮਿਸ਼ਰਾ
   (ੲ) ਭਾਰਤੇਂਦੁ ਹਰੀਸ਼ਚੰਦਰ (ਸ) ਸੁਭਦਰਾ ਕੁਮਾਰੀ ਚੌਹਾਨ
2. ਇਸਲਾਮ ਵਿਚ, ਦਿਨ ਵਿਚ ਪੰਜ ਵਾਰ ਪ੍ਰਾਰਥਨਾ ਕਰਨ ਨੂੰ ਕਿਹਾ ਜਾਂਦਾ ਹੈ।
   (ੳ) ਸੌਮ (Swam) (ਅ) ਜ਼ਕਤ (Zakat)
   (ੲ) ਸਲਤ (Salat) (ਸ) ਸ਼ਹਾਦਾ (Shahada)
3. ਫ਼ਿਲਮ "ਦ ਲੰਚ-ਬਾਕਸ" 2013 Cannes ਫ਼ਿਲਮ ਉਤਸਵ ਦੌਰਾਨ ਅੰਤਰਰਾਸ਼ਟਰੀ ਆਲੋਚਕ ਹਫ਼ਤੇ ਦੇ ਵਿਚ ਦਿਖਾਈ ਗਈ ਸੀ, ਜਿਥੇ ਇਸ ਨੂੰ ਕ੍ਰੀਟਿਕਸ ਵੀਕ ਵਿਊਅਰਜ਼ ਚੋਆਇਸ ਅਵਾਰਡ ਮਿਲਿਆ, ਜਿਸ ਨੂੰ ਗਰੈਂਡ ਰੇਲ ਡੀ ਓਰ ਵੀ ਕਿਹਾ ਜਾਂਦਾ ਹੈ, ਇਸ ਫ਼ਿਲਮ ਦਾ ਲੇਖਕ ਕੌਣ ਹੈ?
   (ੳ) ਅਨੁਰਾਗ ਕਸ਼ਯਪ (ਅ) ਅਰੁਨ ਰੰਗਾਚਾਰੀ
   (ੲ) ਪ੍ਰਸੂਨ ਜੋਸ਼ੀ (ਸ) ਰਿਤੇਸ਼ ਬੱਤਰਾ
4. ਸੰਕਟਮਈ ਖਤਰੇ ਵਿਚੋਂ ਗਿਰਝਾਂ/ਗਿੱਧਾਂ ਨੂੰ ਲੁਪਤ ਹੋਣ ਤੋਂ ਬਚਾਉਣ ਲਈ ਬੌਂਬੇ ਕੁਦਰਤੀ ਇਤਿਹਾਸ ਸਮਾਜ (ਬੌਂਬੇ ਨੈਚਰਲ ਹਿਸਟਰੀ ਸੁਸਾਇਟੀ) (BNHS) ਨੇ ਉਪਰਾਲੇ ਵਜੋਂ ਗਿਰਝ ਸੁਰੱਖਿਆ ਖੇਤਰ-VSZ (Vulture Safe Zone) ਵਿਖੇ ਬਣਾਉਣ ਦਾ ਫੈਸਲਾ ਕੀਤਾ ਹੈ।
   (ੳ) ਬੁੰਦੇਲਖੰਡ, ਮੱਧ ਪ੍ਰਦੇਸ਼ (ਅ) ਕ੍ਰਿਸ਼ਨਾ, ਆਂਧਰਾ ਪ੍ਰਦੇਸ਼
   (ੲ) ਰਾਮਨਗਰ, ਕਰਨਾਟਕ (ਸ) ਨਾਸਿਕ, ਮਹਾਂਰਾਸ਼ਟਰ
5. ਫਸਲ ਲੌਗਿੰਗ (Crop Logging) ਹੈ :
   (ੳ) ਫਸਲ ਦੇ ਨੁਕਸਾਨ ਦਾ ਅਨੁਮਾਨ ਲਾਉਣ ਦਾ ਤਰੀਕਾ
   (ਅ) ਫਸਲ ਨਾਲ ਸਬੰਧਿਤ ਪਰਜੀਵੀ ਨਦੀਨਾਂ ਦੀ ਪਛਾਣ ਕਰਨ ਦਾ ਤਰੀਕਾ
   (ੲ) ਫਸਲ ਦੀ ਪੈਦਾਵਾਰ ਵਧਾਉਣ ਲਈ ਫਸਲ ਦੇ ਵਿਸ਼ਲੇਸ਼ਣ ਅਤੇ ਫਸਲ ਦੇ ਵਿਕਾਸ ਦਾ ਰਿਕਾਰਡ ਰੱਖਣ ਦਾ ਤਰੀਕਾ
   (ਸ) ਇੱਕ ਤੋਂ ਜ਼ਿਆਦਾ ਕਿਸਮ ਦੀ ਫਸਲ ਬੀਜਣ ਦਾ ਤਰੀਕਾ
6. ਤਾਰ ਦੀ ਰਿਜ਼ਿਸਟਿਵਿਟੀ (Resistivity) ਉਸ ਦੀ........ ਨਾਲ ਬਦਲਦੀ/ਘਟਦੀ-ਵਧਦੀ ਹੈ।
   (ੳ) ਲੰਬਾਈ (ਅ) ਕਰੌਸ-ਸੈਕਸ਼ਨ
   (ੲ) ਪੁੰਜ (Mass) (ਸ) ਪਦਾਰਥ (Material)
7. ਪਾਣੀ ਵਾਲੇ ਬਰਤਨ ਵਿਚ, ਇਕ ਬਰਫ਼ ਦਾ ਟੁਕੜਾ ਤਰਦਾ ਹੈ, ਜਦ ਬਰਫ਼ ਪਿਘਲਦੀ ਹੈ, ਤਦ ਪਾਣੀ ਦਾ ਸਤਰ :
   (ੳ) ਉੱਚਾ ਉਠਦਾ ਹੈ (ਅ) ਘੱਟਦਾ ਹੈ
   (ੲ) ਕੋਈ ਫ਼ਰਕ ਨਹੀਂ ਪੈਂਦਾ (ਸ) ਬਰਫ਼ ਦੇ ਪੁੰਜ (mass) ਅਨੁਸਾਰ ਉੱਚਾ ਉੱਠਦਾ/ਘੱਟਦਾ ਹੈ
8. ਧੁਨੀ ਵੱਖਰੇ ਮਾਧਿਅਮ ਵਿਚ ਵੱਖਰੀ ਰਫ਼ਤਾਰ ਨਾਲ ਸਫ਼ਰ ਕਰਦੀ ਹੈ। ਹੇਠ ਲਿਖੇ ਮਾਧਿਅਮਾਂ ਵਿਚ, ਧੁਨੀ ਦੀ ਰਫ਼ਤਾਰ ਕਿਸ ਕ੍ਰਮ ਵਿਚ ਵੱਧਦੀ ਹੈ।
   (ੳ) ਪਾਣੀ, ਲੋਹਾ ਅਤੇ ਹਵਾ (ਅ) ਲੋਹਾ, ਹਵਾ ਅਤੇ ਪਾਣੀ
   (ੲ) ਹਵਾ, ਪਾਣੀ ਅਤੇ ਲੋਹਾ (ਸ) ਲੋਹਾ, ਪਾਣੀ ਅਤੇ ਹਵਾ
9. ਇਕ ਹਲਕੀ ਅਤੇ ਭਾਰੀ ਕਾਇਆ ਦਾ ਸਮਾਨ ਸੰਵੇਗ/ਗਤੀਮਾਤਰਾ (Momentum) ਹੈ। ਇਨ੍ਹਾਂ ਵਿਚੋਂ ਕਿਸੇ ਇਕ ਦੀ ਗਤੀਆਤਮਿਕ ਊਰਜਾ (Kinetic Energy) ਜ਼ਿਆਦਾ ਹੈ?
   (ੳ) ਹਲਕੀ ਕਾਇਆ (ਅ) ਭਾਰੀ ਕਾਇਆ
   (ੲ) ਦੋਨਾਂ ਦੀ ਬਰਾਬਰ ਗਤੀਆਤਮਿਕ ਊਰਜਾ ਹੈ (ਸ) ਦਿੱਤੇ ਤੱਥ ਅਧੂਰੇ ਹਨ

10. ਹੇਠ ਲਿਖਿਆਂ ਵਿਚੋਂ ਕਿਹੜੇ ਮੁੱਢਲੇ/ਬੁਨਿਆਦੀ (Primary) ਲਿਮਫ਼ੋਆਇਡ (Lymphoid) ਅੰਗ ਹਨ?

(ੳ) ਬੋਨ ਮੈਰੋ (Bone Marrow)  (ਅ) ਥਾਇਮਸ (Thymus)

(ੲ) ਸਪਲੀਨ (ਤਿਲੀ)  (ਹ) ਟੌਂਸਿਲਜ਼ (Tonsils)

ਹੇਠ ਲਿਖੇ ਵਿਚੋਂ ਸਹੀ ਉੱਤਰ ਚੁਣੋ :

(ੳ) 1 ਅਤੇ 2  (ਅ) 2 ਅਤੇ 3

(ੲ) 1 ਅਤੇ 3  (ਸ) 1, 2, 3 ਅਤੇ 4

**ਉੱਤਰ** - (1) ਸ (2) ੲ ( 3) ਸ (4) ੳ (5) ੲ (6) ਸ (7) ੲ (8) ੲ (9) ੳ (10) ੳ

* * * * *

# 2023 ਮੁਬਾਰਕ !



R.S. TERKIANA

ਮਿੱਤਰੋ ਤੁਹਾਨੂੰ, ਮੁਬਾਰਕ ਹੋਵੇ, ਵੀਹ ਸੌ ਤੇਈਵਾਂ ਸਾਲ
ਚਿੱਤ ਕੀਤਾ, ਤੁਹਾਨੂੰ ਪੁੱਛਾਂ ਤੇ ਦੱਸਾਂ, ਕਿਵੇਂ ਰਹੇ ਨੇ ਹਾਲ

ਚੰਗੇ ਦਿਨ, ਉਡੀਕਦੇ ਲੰਘ ਗਿਆ, ਵੀਹ ਸੌ ਬਾਈਵਾਂ ਵੀ ਸਾਲ
ਹਾਕਮ ਹੀ ਨਹੀ ਰੱਜੇ, ਉਹ ਬੇਈਮਾਨ, ਲੁੱਟੀ ਚਲੇ ਗਏ ਮਾਲ

ਚੈਨਲਾਂ ਉੱਤੇ ਸੁਣ ਲਿਆ, ਤੇ ਅਖ਼ਬਾਰਾਂ ਵਿੱਚ ਵੀ, ਪੜ੍ਹ ਲਿਆ
ਪੰਜਾਹ ਲੱਖ ਰਿਸ਼ਵਤ ਦਿੰਦਾ, ਸੁੰਦਰ ਸ਼ਾਮ ਅਰੋੜਾ, ਫੜ੍ਹ ਲਿਆ

ਚਰਨਜੀਤ ਚੰਨੀ, ਚਲਾਅ ਗਿਆ ਏਥੇ, ਕੁਝ ਮਹੀਨੇ ਸਰਕਾਰ
ਕਰੋੜਾਂ ਰੁਪਏ, ਹੜੱਪ ਗਏ, ਉਹਦੇ ਆਪਣੇ ਹੀ ਰਿਸ਼ਤੇਦਾਰ

ਸਤੇਂਦਰ ਜੈਨ ਦਾ, ਤਿਹਾੜ ਜੇਲ੍ਹ ਵਿੱਚ, ਜਿਉਣਾ ਹੋਇਆ ਮੁਹਾਲ
ਮਾਲਸ਼ਾਂ ਕਰਵਾ ਗਿਆ, ਜੇਲ੍ਹ ਦੇ ਵਿੱਚ ਹੀ ,ਵੇਖੋ ਉਹਦਾ ਹਾਲ

ਹੌਲੀ ਹੌਲੀ, ਆ ਜਾਣੀ ਹੈ, ਹਰ ਇਕ ਦੀ ਹੀ ਵਾਰੀ
ਤੋਤਾ ਸਿੰਘ ਵੀ, ਮਾਰ ਗਿਆ, ਬੀਤੇ ਦਿਨੀਂ ਉਡਾਰੀ

ਪੰਜਾਬੀਆਂ ਨੇ, ਕੀ ਕੀਤਾ, ਦੇਖੋ ਰਾਜੇਵਾਲ ਦੇ ਨਾਲ
ਹਾਰਨ ਪਿੱਛੋਂ, ਮਣ-ਮਣ ਪੱਕੇ ਦੀ, ਕੱਢਦਾ ਹੋਣਾ ਗਾਲ਼

ਗ਼ਰੀਬ ਵਿਚਾਰੇ ਵੀ, ਗ਼ੁੱਸੇ ਵਿੱਚ ਉਦੋਂ, ਰਹਿ ਗਏ ਭਰੇ ਪੀਤੇ
ਮੋਦੀ ਸਰਕਾਰ, ਜਦੋਂ ਖਰੀਦ ਲਿਆਈ, ਸੌ ਕਰੋੜ ਦੇ ਚੀਤੇ

ਅਕਾਲ ਤਖਤ ਦੇ, ਹੁਕਮ ਨੇ ਕਰਤਾ, ਕੱਦ ਉਹਦਾ ਹੋਰ ਉੱਚਾ
ਸੱਭ ਪਾਸਿਓਂ, ਬੱਚ ਕੇ ਨਿਕਲ ਗਿਆ, ਲੰਗਾਹ ਜੱਥੇਦਾਰ ਸੁੱਚਾ

ਨਵਜੋਤ ਸਿੰਘ ਸਿੱਧੂ, ਨੂੰ ਲੈ ਬੈਠਾ, ਬੱਸ ਇੱਕੋ ਮਾਰਿਆ ਮੁੱਕਾ
ਖੂਹ ਵਿੱਚ ਡਿੱਗੀ, ਇੱਟ ਵਾਂਗ ਉਹ ਵੀ, ਨਿਕਲ ਨਾ ਸਕਿਆ ਸੁੱਕਾ

ਵੇਖਿਆ ਸਾਡਾ, ਕਾਨੂੰਨ ਵੀ ਚੱਲਿਆ, ਕਿੰਨੀ ਹੌਲੀ ਚਾਲ
ਮੁੱਕਾ ਮਾਰੇ ਦਾ, ਫ਼ੈਸਲਾ ਕਰਨ ਨੂੰ, ਲੱਗ ਗਏ ਚੌਤੀ ਸਾਲ

ਪੰਜਾਬ ਵਿੱਚ, ਹੋਈਆਂ ਚੋਣਾਂ ਵੇਲੇ, ਇਹੋ ਸਮਝ ਨਾ ਲੱਗੇ
ਝਾੜੂ ਵਾਲੇ, ਕਿਸਾਨ ਅੰਦੋਲਨ, ਤੋਂ ਕਿਵੇਂ ਲੰਘ ਗਏ ਅੱਗੇ

ਅਕਾਲੀ, ਕਾਂਗਰਸ, ਭਾਜਪਾ ਨੂੰ, ਪੰਜਾਬ, ਚ ਲੱਗਾ ਝਟਕਾ
ਪਾਪਾਂ ਨਾਲ, ਜੋ ਭਰ ਗਿਆ ਸੀ, ਟੁੱਟ ਗਿਆ ਉਹ ਮਟਕਾ

ਹੱਦ ਹੋ ਗਈ, ਭਲਾ ਹੁਣ ਕਾਹਤੋਂ, ਮਨਾ ਰਹੇ ਨੇ ਉਹ ਸੋਗ
ਆਪਣੇ ਅਹੁਦਿਆਂ, ਦਾ ਕੀਤਾ, ਉਨ੍ਹਾਂ ਆਪੇ ਦੁਰਉਪਯੋਗ

ਹੋ ਗਈਆਂ ਸਨ, ਉਂਝ ਤਾਂ ਏਥੇ, ਫ਼ਰਵਰੀ ਮਹੀਨੇ ਚੋਣਾਂ
ਪਤਾ ਨਹੀ ਪਰ, ਪੰਜਾਬ ਦਾ ਬੇੜਾ, ਪਾਰ ਕਦੋਂ ਅਜੇ ਹੋਣਾ

ਨਾ ਨਸ਼ੀਲੇ, ਪਦਾਰਥ ਮੁੱਕੇ, ਨਾ ਹੀ ਮੁੱਕਿਆ ਅਸਲਾ
ਨਾ ਕਿਸੇ ਤੋਂ, ਹੱਲ ਹੋਇਆ, ਐੱਸ.ਵਾਈ.ਐੱਲ. ਦਾ ਮਸਲਾ

ਕੇਜਰੀਵਾਲ, ਪੰਜਾਬ ਉੱਤੇ, ਅਜੇ ਹੋਇਆ ਨਹੀ ਦਿਆਲ
ਇਸ ਸੂਬੇ ਦਾ, ਉਸ ਨੇ ਵੀ ਬਹੁਤਾ, ਰੱਖਿਆ ਨਹੀ ਖ਼ਿਆਲ

ਕੋਣ ਮਨਜ਼ੂਰੀ, ਦਿੰਦਾ ਰੱਖਣ ਲਈ, ਗੈਂਗਸਟਰਾਂ ਨੂੰ ਹਥਿਆਰ
ਫਿਰੌਤੀਆਂ ਜੋ ਵਸੂਲਦੇ, ਤੇ ਹਨ, ਜਾਨੋ ਦਿੰਦੇ ਮਾਰ

ਸਿੱਧੂ ਮੂਸੇਵਾਲਾ, ਕਤਲ ਹੋ ਗਿਆ, ਗਾਇਕ ਸੀ ਮਸ਼ਹੂਰ
ਕਰੋੜਾਂ ਲੋਕਾਂ, ਦੇ ਦਿਲ ਰਹੇ, ਉਹਦੇ ਗ਼ਮ ਵਿੱਚ ਚਕਨਾਚੂਰ

ਮਨੁੱਖੀ ਸੁਭਾਅ ਵਿੱਚ, ਆ ਸਕਦੀ ਹੈ, ਕਿਸੇ ਵੇਲੇ ਵੀ ਆਕੜ
ਪੰਜਾਹ ਸਾਲ ਬਾਅਦ, ਕਾਂਗਰਸ ਨੂੰ, ਛੱਡ ਗਿਆ ਸੁਨੀਲ ਜਾਖੜ

ਬੀ. ਜੇ. ਪੀ. ਦੀ, ਅੱਖ ਵਿੱਚ ਰੜਕਦੇ, ਦਿੱਲੀ, ਪੰਜਾਬ, ਬੰਗਾਲ
ਇੰਨਾਂ ਥਾਂਵਾਂ ਉੱਤੇ, ਭਾਜਪਾਈਆਂ ਕੋਲੋਂ, ਵੱਜਦੀ ਨਹੀ ਉੱਚੀ ਛਾਲ

ਵੀਹ ਸੌ ਬਾਈ ਵਿੱਚ, ਮੁਲਕ ਦਾ ਬੇੜਾ, ਹੋਇਆ ਕਿੱਥੇ ਪਾਰ
ਮੁੰਡੇ ਕੁੜੀਆਂ, ਵਿਹਲੇ ਫਿਰਦੇ, ਮਿਲਿਆ ਨਹੀਂ ਰੋਜ਼ਗਾਰ

ਤੌਬਾ ਹਾਕਮ, ਚੱਲਦੇ ਏਥੇ, ਕਿੰਨੀ ਘਟੀਆ ਚਾਲ
ਇਹੋ ਹਾਲਤ ਰਹੀ, ਤਾਂ ਮੁਲਕ ਇਹ, ਹੋਰ ਵੀ ਹਊ ਕੰਗਾਲ

ਮੁਫ਼ਤ ਵਿੱਚ, ਮਿਲਦਾ ਹੁੰਦਾ ਸੀ, ਫਿਰ ਵਿਗੜੀ ਕਿਵੇਂ ਕਹਾਣੀ
ਬਜ਼ਾਰਾਂ ਦੇ ਵਿੱਚ, ਮੁੱਲ ਵਿਕਦਾ ਹੁਣ, ਤੀਹ ਰੁਪਏ ਬੋਤਲ ਪਾਣੀ

ਨੈਤਿਕਤਾ ਮੁੱਕ ਚੱਲੀ, ਇਹ ਗੱਲ, ਜਾਣਦਾ ਕੁਲ ਜਹਾਨ
ਕੀ ਪਤਾ, ਕਿਹੜੇ ਵੇਲੇ ਕਿਹਦਾ, ਡੋਲ ਜਾਵੇ ਇਮਾਨ

ਜੇ ਕਰ ਕਿਸੇ ਨੂੰ ਪਤਾ ਹੈ ਤਾਂ ਉਹ, ਮੈਨੂੰ ਕਰੇ ਫ਼ੋਨ ਕਾਲ
ਦੇਸ਼ ਦੀ ਹਾਲਤ, ਠੀਕ ਹੋਵੇਗੀ, ਕਦੋਂ ਤੇ ਕਿਹੜੇ ਸਾਲ

ਮੁਲਕ ਬਚਾ ਲਓ, ਮਿੱਤਰੋ ਇਹ ਕਿਤੇ, ਹੋ ਨਾ ਜਾਵੇ ਤਬਾਹ
ਚੈਨਲਾਂ ਪਿੱਛੇ ਲੱਗ ਕੇ, ਨਾ ਕਰੋ, ਐਵੇਂ ਵਾਹ ਭਾਈ ਵਾਹ

ਵੀਹ ਸੌ ਬਾਈ, ਵਿੱਚ ਇੰਝ ਦੀਆਂ ਬਹੁਤ, ਵਾਪਰੀਆਂ ਘਟਨਾਵਾਂ
ਸਮਝ ਨਾ ਲੱਗੇ, ਕਿਸ ਨੂੰ ਛੱਡਾਂ, ਤੇ ਕਿਸ ਨੂੰ ਹੱਥ ਪਾਵਾਂ

ਕੰਮਾਂ ਕਾਰਾਂ ਵਿੱਚ, ਰੁੱਝਿਆ ਪਿਆ ਹਾਂ, ਮੈ ਵੀ ਕਿੱਦਾਂ ਆਵਾਂ
ਸ਼ੁੱਭ-ਇੱਛਾਵਾਂ, ਭੇਜਣ ਲਈ, ਤੁਹਾਡਾ ਲੱਭ ਲਿਆ ਸਿਰਨਾਵਾਂ

ਪਿਆਰ ਮੁਹੱਬਤ, ਦੋਸਤੀਆਂ ਦੀ, ਕਿਤੇ ਨਹੀਂ ਲਗੱਦੀ ਸੇਲ
ਗੈਰ-ਜ਼ਿੰਮੇਵਾਰ ਵਿਅਕਤੀ ਹੁੰਦੇ, ਜ਼ਿੰਦਗੀ ਦੇ ਵਿੱਚ ਫ਼ੇਲ੍ਹ

ਟੇਰਕਿਆਨਾ, ਕਦੇ-ਕਦੇ ਵੀ, ਹੁੰਦਾ ਰਹੇ ਜੇ ਮੇਲ
ਹੋਰ ਵੀ ਦਿਲਚਸਪ, ਹੋ ਸਕਦਾ, ਜ਼ਿੰਦਗੀ ਦਾ ਇਹ ਖੇਲ

ਵਲੋਂ :-

**Raghbir Singh Terkiana**
Advocate
673, New Model Town,
Hoshiarpur (Pb.)

ਰਘਵੀਰ ਸਿੰਘ ਟੇਰਕਿਆਨਾ
ਐਡਵੋਕੇਟ
ਜ਼ਿਲ੍ਹਾ ਕਚਹਿਰੀ -ਹੁਸ਼ਿਆਰਪੁਰ
(ਪੰਜਾਬ)

ਮੋਬਾਇਲ ਫੋਨ : 98141-73402, E-mail: raghbirterkiana@yahoo.co.in

# ਕਿਉਂ ਹੋ ਰਿਹੈ ਦੇਸ਼ ਬੇਗਾਨਾ?




ਗੁਰਮੀਤ ਸਿੰਘ ਪਲਾਹੀ
98158-02070



ਭਾਰਤ ਦੇ ਵਿਦੇਸ਼ ਮੰਤਰੀ ਨੇ ਭਾਰਤੀ ਸੰਸਦ ਵਿੱਚ ਇੱਕ ਲਿਖਤੀ ਬਿਆਨ 'ਚ ਕਿਹਾ ਕਿ ਪਿਛਲੇ ਸਾਲ ਸਵਾ ਦੋ ਲੱਖ ਤੋਂ ਵੱਧ ਭਾਰਤੀਆਂ ਨੇ ਦੇਸ਼ ਦੀ ਨਾਗਰਿਕਤਾ ਛੱਡੀ ਅਤੇ ਭਾਰਤ ਤੋਂ ਬਾਹਰ ਵੱਖੋ-ਵੱਖਰੇ ਦੇਸ਼ਾਂ ਦੀ ਨਾਗਰਿਕਤਾ ਹਾਸਲ ਕੀਤੀ। ਇਹਨਾ ਲੋਕਾਂ ਨੇ ਕਾਰੋਬਾਰ ਜਾਂ ਨੌਕਰੀ ਲਈ ਭਾਰਤੀ ਨਾਗਰਿਕਤਾ ਛੱਡੀ।

ਸਾਡੇ ਦੇਸ਼ ਵਿੱਚ ਕਿਉਂਕਿ ਦੋਹਰੀ ਨਾਗਰਿਕਤਾ ਦੀ ਸਹੂਲਤ ਨਹੀਂ ਹੈ, ਇਸ ਲਈ ਜਿਹੜੇ ਲੋਕ ਦੂਜੇ ਦੇਸ਼ਾਂ 'ਚ ਵਸ ਜਾਂਦੇ ਹਨ, ਜਦੋਂ ਉਥੋਂ ਦੇ ਨਾਗਰਿਕ ਬਣ ਜਾਂਦੇ ਹਨ, ਉਹਨਾ ਦੀ ਭਾਰਤੀ ਨਾਗਰਿਕਤਾ ਖ਼ਤਮ ਹੋ ਜਾਂਦੀ ਹੈ। ਪਿਛਲੇ ਬਾਰਾਂ ਸਾਲਾਂ 'ਚ (2011 ਤੋਂ 2022 ਤੱਕ) ਸੋਲਾਂ ਲੱਖ ਤਰੇਹਟ ਹਜ਼ਾਰ ਚਾਰ ਸੌ ਚਾਲੀ ਲੋਕਾਂ ਨੇ ਭਾਰਤੀ ਨਾਗਰਿਕਤਾ ਛੱਡੀ ਹੈ।

ਸਾਡੇ ਦੇਸ਼ ਦੇ ਵੱਡੀ ਗਿਣਤੀ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ਾਂ ਨੂੰ ਚਾਲੇ ਪਾਉਂਦੇ ਹਨ। ਉਹਨਾ ਵਿਚੋਂ ਵਿਦੇਸ਼ਾਂ 'ਚ ਪੜ੍ਹਾਈ ਕਰਨ ਉਪਰੰਤ ਦੇਸ਼ ਵਾਪਿਸ ਆਉਣ ਵਾਲਿਆਂ ਦੀ ਗਿਣਤੀ ਬਹੁਤ ਹੀ ਘੱਟ ਹੁੰਦੀ ਹੈ। ਬਹੁਤੇ ਤਾਂ ਪੜ੍ਹਾਈ ਦੇ ਬਹਾਨੇ ਵਿਦੇਸ਼ ਵਿੱਚ ਹੀ ਟਿਕਦੇ ਹਨ। ਪਹਿਲਾਂ ਉਥੇ ਵਰਕ ਪਰਮਿੱਟ ਲੈਂਦੇ ਹਨ। ਫਿਰ ਪੀਆਰ (ਪੱਕੇ ਸ਼ਹਿਰੀ) ਨਾਗਰਿਕਤਾ ਹਾਸਲ ਕਰਨ ਦੀ ਦੌੜ 'ਚ ਲੱਗ ਜਾਂਦੇ ਹਨ। ਇਸ ਕੰਮ ਲਈ ਉਹ ਸਾਲਾਂ ਬੱਧੀ ਜੱਦੋ-ਜਹਿਦ ਕਰਦੇ ਹਨ। ਇਹੋ ਹਾਲ ਕਾਰੋਬਾਰ, ਖੇਤੀ ਆਦਿ 'ਚ ਲੱਗੇ ਲੋਕਾਂ ਦਾ ਹੈ, ਜੋ ਭਾਰਤ ਦੇਸ਼ ਦੀਆਂ ਕਾਰੋਬਾਰ, ਖੇਤੀ ਖੇਤਰ ਦੀਆਂ ਮਾੜੀਆਂ ਹਾਲਤਾਂ ਦੇ ਮੱਦੇ ਨਜ਼ਰ ਵਿਦੇਸ਼ ਜਾ ਵਸਦੇ ਹਨ ਅਤੇ ਉਥੋਂ ਦੀ ਨਾਗਰਿਕਤਾ ਹਾਸਲ ਕਰਦੇ ਹਨ।

ਪਰੰਤੂ ਅਸਲੀਅਤ ਇਹ ਹੈ ਕਿ ਦੂਜੇ ਦੇਸ਼ਾਂ ਦੀ ਨਾਗਰਿਕਤਾ ਲੈਣਾ ਸੌਖਾ ਨਹੀਂ ਹੈ। ਭਾਰਤ ਛੱਡਣ ਵਾਲਿਆਂ 'ਚ ਸਭ ਤੋਂ ਜ਼ਿਆਦਾ ਲੋਕਾਂ ਨੇ ਅਮਰੀਕਾ ਦੀ ਨਾਗਰਿਕਤਾ ਲਈ ਹੈ। ਉਥੋਂ ਦੀ ਨਾਗਰਿਕਤਾ ਲੈਣਾ ਔਖਾ ਹੈ ਫਿਰ ਵੀ ਲੱਖਾਂ ਭਾਰਤੀ ਉਥੋਂ ਦੀ ਨਾਗਰਿਕਤਾ ਲੈਣ ਲਈ ਜਦੋ-ਜਹਿਦ ਕਰ ਰਹੇ ਹਨ। ਇਸੇ ਜਦੋ-ਜਹਿਦ 'ਚ ਉਹ ਮਜ਼ਬੂਰੀ 'ਚ ਭਾਰਤੀ ਨਾਗਰਿਕ ਬਣੇ ਰਹਿੰਦੇ ਹਨ।

ਅਸਲ 'ਚ ਸਿੱਖਿਆ ਅਤੇ ਰੁਜ਼ਗਾਰ 'ਚ ਸੁਖਾਵੇਂ ਮੌਕੇ ਨਾ ਮਿਲਣ ਕਾਰਨ ਲੱਖਾਂ ਵਿਦਿਆਰਥੀ ਹਰ ਸਾਲ ਦੇਸ਼ ਛਡਣ ਲਈ ਮਜ਼ਬੂਰ ਹੁੰਦੇ ਹਨ। ਅੰਕੜੇ ਗਵਾਹ ਹਨ ਕਿ ਭਾਰਤੀ ਸੰਸਥਾਵਾਂ ਵਿਚੋਂ ਜਿੰਨੇ ਵਿਦਿਆਰਥੀ ਹਰ ਸਾਲ ਤਕਨੀਕੀ ਸਿੱਖਿਆ ਪ੍ਰਾਪਤ ਕਰਕੇ ਬਾਹਰ ਨਿਕਲਦੇ ਹਨ, ਉਹਨਾਂ ਵਿੱਚ ਮਸਾਂ ਇੱਕ ਤਿਹਾਈ ਲੋਕ ਹੀ ਸਨਮਾਨਜਨਕ ਨੌਕਰੀ ਪ੍ਰਾਪਤ ਕਰਨ 'ਚ ਕਾਮਯਾਬ ਹੁੰਦੇ ਹਨ। ਇਸ ਗੱਲ ਦੀਆਂ ਵੱਡੀਆਂ ਉਦਾਹਰਨਾਂ ਹਨ ਕਿ ਐਮ.ਟੈਕ, ਬੀ.ਟੈਕ, ਵਕਾਲਤ, ਡਾਕਟਰੀ ਪਾਸ ਨੌਜਵਾਨ ਵਿਦੇਸ਼ੀ ਹੋਟਲਾਂ 'ਚ ਸਧਾਰਨ ਨੌਕਰੀਆਂ ਕਰਦੇ ਹਨ, ਹਾਲਤ ਤੋਂ ਮਜ਼ਬੂਰ ਟੈਕਸੀ, ਟਰੱਕ ਚਲਾਉਂਦੇ ਹਨ ਅਤੇ ਆਪਣੇ ਜੀਵਨ ਦਾ ਨਿਰਬਾਹ ਕਰਦੇ ਹਨ।

ਅਸਲ ਵਿੱਚ ਦੇਸ਼ ਭਾਰਤ ਵਿੱਚ ਕਾਰੋਬਾਰ ਦਾ ਸੁਰੱਖਿਅਤ ਵਾਤਾਵਰਨ ਨਹੀਂ। ਜ਼ਿਆਦਾ ਪੜ੍ਹੇ ਵਿਦਿਆਰਥੀਆਂ, ਇੱਥੋਂ ਤੱਕ ਕਿ ਡਾਕਟਰੀ, ਇੰਜੀਨੀਰਿੰਗ, ਸਾਇੰਸ 'ਚ ਵੱਡੀਆ ਡਿਗਰੀਆਂ ਵਾਲਿਆਂ ਲਈ ਸਨਮਾਨਜਨਕ ਨੌਕਰੀਆਂ ਨਹੀਂ ਹਨ। ਇਸ ਕਰਕੇ ਉਹ ਵਿਦੇਸ਼ਾਂ

ਵੱਲ ਭੱਜਦੇ ਹਨ। ਇਹਨਾਂ ਸਾਰੀਆਂ ਸਥਿਤੀਆਂ ਨਾਲ ਦੇਸ਼ ਦੀ ਆਰਥਿਕਤਾ ਉੱਤੇ ਉਲਟ ਅਸਰ ਪੈਂਦਾ ਹੈ। ਜਦੋਂ ਕਾਰੋਬਾਰੀ ਦੇਸ਼ ਛੱਡਦੇ ਹਨ। ਉਹ ਆਪਣਾ ਸਰਮਾਇਆ ਵਿਦੇਸ਼ਾਂ 'ਚ ਲੈ ਜਾਂਦੇ ਹਨ। ਜਦੋਂ ਵਿਦਿਆਰਥੀ ਪੜ੍ਹਨ ਲਈ ਜਾਂਦੇ ਹਨ, ਉਹ ਲੱਖਾਂ ਦੀ ਫੀਸ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਤਾਰਦੇ ਹਨ। ਇਕੱਲੇ ਪੰਜਾਬ ਵਿੱਚੋਂ ਪਿਛਲੇ ਸਾਲ ਡੇਢ ਲੱਖ ਵਿਦਿਆਰਥੀ ਕੈਨੇਡਾ 'ਚ ਪੜ੍ਹਾਈ ਕਰਨ ਗਏ। ਔਸਤਨ 16 ਤੋਂ 20 ਲੱਖ ਪ੍ਰਤੀ ਵਿਦਿਆਰਥੀ ਨੇ ਫੀਸਾਂ ਭਰੀਆਂ। ਇਹਨਾਂ ਦਾ ਅਸਰ ਸਿਰਫ਼ ਪੰਜਾਬ ਦੀ ਆਰਥਿਕਤਾ ਉੱਤੇ ਹੀ ਨਹੀਂ ਸਗੋਂ ਪੰਜਾਬ 'ਚ ਖੁੱਲ੍ਹੇ ਇੰਜੀਨੀਰਿੰਗ ਟੈਕਨੋਲੋਜੀ, ਆਰਟਸ ਕਾਲਜਾਂ ਉੱਤੇ ਵੀ ਪਿਆ, ਜਿੱਥੇ ਵਿਦਿਆਰਥੀਆਂ ਦੀ ਗਿਣਤੀ ਘਟੀ ਅਤੇ ਕਈ ਕਾਲਜ, ਤਕਨੀਕੀ ਅਦਾਰੇ ਤਾਂ ਬੰਦ ਹੋਣ ਕਿਨਾਰੇ ਹੋ ਗਏ ਕਿਉਂਕਿ ਉਹਨਾਂ ਨੂੰ ਕਈ ਤਕਨੀਕੀ ਕੋਰਸ ਵਿਦਿਆਰਥੀਆਂ ਦੀ ਘਾਟ ਕਾਰਨ ਬੰਦ ਕਰਨੇ ਪਏ।

ਬਿਨ੍ਹਾਂ ਸ਼ੱਕ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਦੇਸ਼ ਦੇ ਕਈ ਹਿੱਸਿਆਂ ਅਤੇ ਤਬਕਿਆਂ ਵਿੱਚ ਵਿਦੇਸ਼ ਜਾ ਕੇ ਵਸਣਾ ਮਾਣ ਦੀ ਗੱਲ ਸਮਝੀ ਜਾਂਦੀ ਹੈ। ਇਹ ਵੀ ਠੀਕ ਹੈ ਕਿ ਲੱਖਾਂ ਲੋਕ ਜੋ ਵਿਦੇਸ਼ ਜਾ ਕੇ ਖ਼ਾਸ ਕਰਕੇ ਅਰਬ ਦੇਸ਼ਾਂ 'ਚ ਨੌਕਰੀ ਕਰਦੇ ਹਨ ਅਤੇ ਵੱਡੀ ਮਾਤਰਾ 'ਚ ਵਿਦੇਸ਼ੀ ਮੁਦਰਾ ਭਾਰਤ ਭੇਜਦੇ ਹਨ ਪਰ ਇਹ ਸਵਾਲ ਤਾਂ ਫਿਰ ਵੀ ਬਣਿਆ ਹੋਇਆ ਹੈ ਕਿ ਆਖ਼ਰ ਲੋਕਾਂ ਦੇ ਸਾਹਮਣੇ ਇਹ ਸਥਿਤੀ ਕਿਉਂ ਬਣੀ ਰਹਿੰਦੀ ਹੈ ਕਿ ਆਪਣੇ ਦੇਸ਼ ਦੀ ਨਾਗਰਿਕਤਾ ਛੱਡ ਕੇ ਪਰਾਈ ਜ਼ਮੀਨ ਉਤੇ ਵੱਸਣਾ ਜ਼ਿਆਦਾ ਸੁਰੱਖਿਅਤ ਹੈ।

ਪ੍ਰਵਾਸ ਨਵਾਂ ਵਰਤਾਰਾ ਨਹੀਂ ਹੈ। ਰੋਟੀ- ਰੋਜ਼ੀ ਲਈ ਦੁਨੀਆ ਦੇ ਇਕ ਖਿੱਤੇ ਤੋਂ ਦੂਜੇ ਖਿੱਤੇ 'ਚ ਲੋਕ ਜਾਂਦੇ ਹਨ, ਰੁਜ਼ਗਾਰ ਕਰਦੇ ਹਨ, ਉਥੇ ਹੀ ਵਸ ਜਾਂਦੇ ਹਨ, ਪਰਿਵਾਰ ਬਣਾ ਲੈਂਦੇ ਹਨ ਅਤੇ ਮੁੜ ਦੇਸ਼ ਪਰਤਦੇ ਵੀ ਨਹੀਂ। ਪਰ ਮਿੱਟੀ ਦਾ ਮੋਹ ਅਤੇ ਪ੍ਰਵਾਸ ਹੰਡਾਉਣ ਦੀ ਚੀਸ, ਉਹਨਾਂ ਦੇ ਮਨਾਂ 'ਚ ਦਰਦ ਬਣ ਜਾਂਦੀ ਹੈ।

"ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਬਲਖ ਨਾ ਬੁਖਾਰੇ" ਵਾਲੀ ਕਹਾਵਤ ਤਾਂ ਭਾਵੇਂ ਸੱਚੀ ਦਿਸਦੀ ਹੈ, ਪਰ ਭੁੱਖਾ ਢਿੱਡ ਭਰਨ ਅਤੇ ਅੱਜ ਦੇ ਯੁੱਗ 'ਚ ਰੁਜ਼ਗਾਰ ਦੇ ਨਵੇਂ ਮੌਕੇ ਅਤੇ ਸੌਖੀ ਜ਼ਿੰਦਗੀ ਦੀ ਭਾਲ 'ਚ ਪ੍ਰਵਾਸ ਦੇ ਰਸਤੇ ਪੈਣਾ ਆਮ ਵਰਤਾਰਾ ਹੋ ਗਿਆ ਹੈ, ਕਿਉਂਕਿ ਮਨੁੱਖੀ ਫਿਤਰਤ ਅੱਗੇ ਵਧਣਾ ਤੇ ਸੰਘਰਸ਼ ਕਰਨਾ ਹੈ। ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਸ਼ਬਦ, "ਜੇਕਰ ਤੁਸੀਂ ਉਡ ਨਹੀਂ ਸਕਦੇ, ਤਾਂ ਭੱਜੋ, ਜੇਕਰ ਭੱਜ ਨਹੀਂ ਸਕਦੇ ਤਾਂ ਚੱਲੋ, ਜੇਕਰ ਚੱਲ ਨਹੀਂ ਸਕਦੇ ਤਾਂ ਰਿੜੋ, ਤੁਸੀਂ ਜੋ ਵੀ ਕਰੋ ਤੁਹਾਨੂੰ ਅੱਗੇ ਵੱਧਦੇ ਰਹਿਣਾ ਹੈ"।

ਭਾਰਤ ਇੱਕ ਇਹੋ ਜਿਹਾ ਦੇਸ਼ ਹੈ, ਜਿਥੋਂ ਵੱਡੀ ਗਿਣਤੀ ਲੋਕ ਪ੍ਰਵਾਸ ਦੇ ਰਾਹ ਪਏ ਹਨ। ਆਪਣਾ ਦੇਸ਼ ਛੱਡਣ ਵਾਲੇ ਭਾਰਤੀਆਂ ਦੀ ਗਿਣਤੀ ਯੂਨਾਈਟਿਡ ਨੇਸ਼ਨਜ਼ ਅਨੁਸਾਰ 2020 ਦੇ ਇੱਕ ਸਰਵੇ ਅਨੁਸਾਰ 1 ਕਰੋੜ 80 ਲੱਖ ਹੈ। ਇਹ ਦੁਨੀਆਂ ਭਰ 'ਚ ਸਭ ਤੋਂ ਜ਼ਿਆਦਾ ਹੈ। ਇਹਨਾਂ ਵਿਚੋਂ ਯੂ.ਏ.ਈ. 'ਚ 35 ਲੱਖ, ਅਮਰੀਕਾ 'ਚ 27 ਲੱਖ, ਸਾਊਦੀ ਅਰਬ 'ਚ 25 ਲੱਖ ਅਤੇ ਹੋਰ ਦੇਸ਼ਾਂ ਅਸਟਰੇਲੀਆ, ਕੈਨੇਡਾ, ਯੂਕੇ, ਨਿਊਜ਼ੀਲੈਂਡ, ਕੁਵੈਤ ਆਦਿ ਦੇਸ਼ਾਂ 'ਚ ਹੈ। ਕਰੋਨਾ ਕਾਲ ਅਤੇ ਮੁੜ ਰੂਸ-ਯੂਕਰੇਨ ਯੁੱਧ ਤੋਂ ਪਹਿਲਾਂ 59 ਲੱਖ ਵਿਦਿਆਰਥੀ ਪੜ੍ਹਾਈ ਲਈ ਵੱਖੋ-ਵੱਖਰੇ ਦੇਸ਼ਾਂ 'ਚ ਵਿਦੇਸ਼ੀ ਯੂਨੀਵਰਸਿਟੀਆਂ 'ਚ ਦਾਖ਼ਲ ਹੋਏ। ਪਰ ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਨਾਨ-ਰੈਜੀਡੈਂਟ ਇੰਡੀਅਨਜ਼ (ਐਨ.ਆਰ.ਆਈ.) ਅਤੇ ਉਵਰਸੀਜ਼ ਸਿਟੀਜਨਸ ਆਫ਼ ਇੰਡੀਆ, ਜਿਹੜੇ ਭਾਰਤ ਤੋਂ ਬਾਹਰ ਰਹਿੰਦੇ ਹਨ ਉਹਨਾ ਦੀ ਕੁਲ ਗਿਣਤੀ 3 ਕਰੋੜ 20 ਲੱਖ ਹੈ। ਇਹ ਭਾਰਤੀ, ਦੁਨੀਆ ਦੇ 131 ਮੁਲਕਾਂ ਵਿੱਚ ਰਹਿ ਰਹੇ ਹਨ ਅਤੇ ਹਰ ਸਾਲ 25 ਲੱਖ ਦੇਸ਼ ਤੋਂ ਦੂਜੇ ਮੁਲਕਾਂ ਨੂੰ ਜਾ ਰਹੇ ਹਨ।

ਕੀ ਭਾਰਤੀਆਂ ਵਲੋਂ ਦੇਸ਼ ਛੱਡਣ ਦਾ ਮੁਖ ਉਦੇਸ਼ ਸਿਰਫ਼ ਪੈਸੇ ਕਮਾਉਣਾ ਹੈ? ਜਾਂ ਇਸਦੇ ਕੋਈ ਹੋਰ ਕਾਰਨ ਵੀ ਹਨ। ਭਾਰਤ ਦੇ ਸਰਹੱਦੀ ਸੂਬੇ ਪੰਜਾਬ ਦੇ ਲੋਕਾਂ ਬਾਰੇ ਇਹ ਕਿਹਾ ਜਾਂਦਾ ਰਿਹਾ ਹੈ ਕਿ ਇਥੋਂ ਦੇ ਲੋਕ ਪੈਸਾ ਕਮਾਉਣ ਲਈ ਵਿਦੇਸ਼ ਗਏ ਅਤੇ ਉਹਨਾਂ ਲੋਕਾਂ ਦੀ ਕਮਾਈ ਦੀ ਚੱਕਾਚੌਂਧ ਤੋਂ ਹੋਰ ਪੰਜਾਬੀ ਪ੍ਰੇਰਿਤ ਹੋਏ ਤੇ ਕੈਨੇਡਾ, ਇੰਗਲੈਂਡ, ਅਮਰੀਕਾ ਮੁਲਕਾਂ 'ਚ ਵੱਡੀ ਗਿਣਤੀ 'ਚ ਹਰ ਹੀਲਾ ਵਸੀਲਾ ਕਰਕੇ ਪੁੱਜੇ। ਹੁਣ ਇਹ ਵਰਤਾਰਾ ਹੋਰ ਵੀ ਜ਼ਿਆਦਾ ਹੈ, ਜਦੋਂ ਵੱਡੀ ਗਿਣਤੀ 'ਚ ਵਿਦਿਆਰਥੀ ਵਿਦੇਸ਼ਾਂ 'ਚ ਦਾਖ਼ਲਾ ਲੈ ਕੇ ਪੁੱਜ ਰਹੇ ਹਨ। ਕੀ ਇਹ ਸਿਰਫ਼ ਚੰਗੇ ਭਵਿੱਖ ਲਈ ਹੈ?

ਪੰਜਾਬ ਦੇ ਹਾਲਾਤ ਸੁਖਾਵੇਂ ਨਹੀਂ ਹਨ, ਲੋਕ ਆਰਥਿਕ ਪੱਖੋਂ ਥੁੜ ਰਹੇ ਹਨ। ਬੇਰੁਜ਼ਗਾਰੀ ਵਧੀ ਹੈ, ਨੌਕਰੀਆਂ ਨਹੀਂ ਹਨ। ਗੁੰਡਾ ਅਨਸਰ ਅਤੇ ਨਸ਼ਿਆਂ ਦਾ ਪ੍ਰਕੋਪ ਵਧਿਆ ਹੈ। ਲੋਕ ਉਪਰਾਮ ਹੋ ਰਹੇ ਹਨ। ਉਹਨਾਂ ਦਾ ਦਿਲ ਨਹੀਂ ਲੱਗ ਰਿਹਾ। ਮਾਪੇ ਆਪਣੇ ਬੱਚਿਆਂ ਦੀ ਭਵਿੱਖ ਪ੍ਰਤੀ ਚਿੰਤਤ ਹਨ ਅਤੇ ਮਜ਼ਬੂਰੀ ਵੱਸ ਬੱਚਿਆਂ ਨੂੰ ਔਝੜੇ ਰਾਹ ਤੋਰ ਰਹੇ ਹਨ। ਪੰਜਾਬ ਨੌਜਵਾਨਾਂ ਤੋਂ ਵਿਰਵਾ ਹੋ ਰਿਹਾ ਹੈ। ਪੰਜਾਬ ਬੁੱਢਾ ਹੋ ਰਿਹਾ ਹੈ।

ਸੈਕੂਲਰ ਭਾਰਤ 'ਚ ਵਧ ਰਹੀ ਬੇਰੁਜ਼ਗਾਰੀ ਭੁੱਖਮਰੀ, ਅਮੀਰ-ਗਰੀਬ ਦੇ ਪਾੜੇ, ਧੱਕਾ ਧੌਂਸ ਦੀ ਸਿਆਸਤ ਅਤੇ ਆਮ ਲੋਕਾਂ ਦੇ ਜੀਵਨ ਦੀ ਅਸੁਰੱਖਿਆ ਨੇ ਇਥੋਂ ਦੇ ਸ਼ਹਿਰੀਆਂ 'ਚ ਇੱਕ ਡਰ ਪੈਦਾ ਕੀਤਾ ਹੈ। ਇਹ ਡਰ ਸਿਰਫ਼ ਕਾਰੋਬਾਰੀਆਂ 'ਚ ਹੀ ਨਹੀਂ ਹੈ, ਜਿਹੜੇ ਕਾਰੋਬਾਰਾਂ ਸਮੇਤ ਦੁਨੀਆਂ 'ਚ ਕੋਈ ਸੁਰੱਖਿਅਤ ਕੋਨਾ ਲੱਭ ਰਹੇ ਹਨ, ਇਹ ਹੇਠਲੇ ਮੱਧ ਵਰਗ ਵਿੱਚ ਜ਼ਿਆਦਾ ਹੈ, ਜਿਹਨਾਂ ਨੂੰ ਆਪਣੇ ਭਵਿੱਖ 'ਚ ਬਿਹਤਰ ਜੀਵਨ ਦੀ ਵੱਧ ਤਮੰਨਾ ਹੁੰਦੀ ਹੈ। ਇਹ ਲੋਕ ਹਰ ਹੀਲਾ ਵਸੀਲਾ ਵਰਤਕੇ, ਆਪਣੀ ਜਮ੍ਹਾਂ ਪੂੰਜੀ, ਆਪਣੀ ਛੋਟੀ ਮੋਟੀ ਜਾਇਦਾਦ ਗਿਰਵੀ ਰੱਖਕੇ ਆਪਣੇ ਬੱਚਿਆਂ ਨੂੰ ਅਤੇ ਫਿਰ ਆਪ ਬਾਹਰ ਤੁਰ ਰਹੇ ਹਨ। ਮੁੱਖ ਤੌਰ ਤੇ ਪੰਜਾਬ ਦੀ ਨਪੀੜੀ ਜਾ ਰਹੀ ਛੋਟੀ ਕਿਸਾਨੀ ਆਰਥਿਕ ਤੰਗੀ ਕਾਰਨ ਵਧੇਰੇ ਕਰਕੇ ਇਸੇ ਰਾਹ ਪੈ ਰਹੀ ਹੈ। ਗੱਲ ਹਰਿਆਣਾ ਦੀ ਵੀ ਇਹੋ ਹੈ ਅਤੇ ਦੱਖਣੀ ਸੂਬਿਆਂ ਦੀ ਵੀ ਇਹੋ ਹੈ।

ਦੇਸ਼ ਦੀ ਹਕੂਮਤ ਨੌਜਵਾਨਾਂ ਲਈ ਦੋ ਕਰੋੜ ਨੌਕਰੀਆਂ ਦਾ ਵਾਇਦਾ ਪਰੋਸਦੀ ਹੈ, ਪਰ ਪੱਲੇ ਕੁਝ ਨਹੀਂ ਪਾਉਂਦੀ। ਦੇਸ਼ ਦੀ ਹਕੂਮਤ "ਵਿਸ਼ਵ ਗੁਰੂ" ਦਾ ਨਾਹਰਾ ਦਿੰਦੀ ਹੈ, ਪਰ ਪੱਲੇ ਗਰੀਬਾਂ ਲਈ ਹੋਰ ਗਰੀਬੀ ਪਾਉਂਦੀ ਹੈ। ਹਿੰਦੂਤਵੀ ਅਜੰਡਾ ਅਤੇ ਸਿਰਫ ਵੋਟਾਂ ਦੀ ਨੀਤ ਅਤੇ ਨੀਤੀ ਚਮਕਾਉਂਦੀ ਹੈ।

ਫਿਰ ਲੋਕਾਂ ਲਈ ਇਹ ਦੇਸ਼ ਬੇਗਾਨਾ ਕਿਉਂ ਨਾ ਹੋਏਗਾ?

# ਨਿਯਮਿਤ ਕਸਰਤ ਨਾਲ ਕਾਬੂ ਵਿਚ ਰਹਿੰਦਾ ਹੈ ਗਠੀਆ

ਸਰਦੀ ਵਿਚ ਜੋੜਾਂ ਦਾ ਦਰਦ ਵਧ ਜਾਣਾ ਆਮ ਗੱਲ ਹੈ। ਇਸ ਨੂੰ ਗਾਊਟ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇਕ ਸਮਾਂ ਸੀ ਜਦੋਂ ਇਸ ਨੂੰ ਸ਼ਹਿਨਸ਼ਾਹਾਂ ਦਾ ਰੋਗ ਮੰਨਿਆ ਜਾਂਦਾ ਸੀ ਪਰ ਅੱਜ ਦੇ ਸਮੇਂ ਵਿਚ ਇਹ ਕਿਸੇ ਨੂੰ ਵੀ ਹੋ ਸਕਦਾ ਹੈ। ਪ੍ਰੀਖਣਾਂ ਦੇ ਆਧਾਰ 'ਤੇ ਇਹ ਪਤਾ ਲੱਗਾ ਹੈ ਕਿ ਸਰੀਰ ਵਿਚ ਯੂਰਿਕ ਐਸਿਡ ਦੀ ਮਾਤਰਾ ਵਧ ਜਾਣ ਨਾਲ ਗਠੀਏ ਦਾ ਪ੍ਰਕੋਪ ਹੁੰਦਾ ਹੈ। ਜੋੜਾਂ ਵਿਚ ਸੋਜ ਦਾ ਹੋਣਾ ਇਸ ਦਾ ਮੁੱਖ ਲੱਛਣ ਹੈ। ਪੈਰ ਦਾ ਅੰਗੂਠਾ ਜਾਂ ਹੱਥ-ਪੈਰ ਦੇ ਦੂਜੇ ਜੋੜ ਸੁੱਜ ਕੇ ਲਾਲ ਹੋ ਜਾਂਦੇ ਹਨ। ਕਦੇ-ਕਦੇ ਇਸ ਦਾ ਰੰਗ ਨੀਲਾ ਵੀ ਹੋ ਜਾਂਦਾ ਹੈ ਅਤੇ ਦਰਦ ਵਧ ਜਾਂਦਾ ਹੈ। ਰੋਗ ਪ੍ਰਤੀ ਲਾਪ੍ਰਵਾਹੀ ਵਰਤਣ ਨਾਲ ਇਹ ਵੀ ਹੋ ਸਕਦਾ ਹੈ ਕਿ ਯੂਰਿਕ ਐਸਿਡ ਜੋੜਾਂ ਨੂੰ ਜ਼ਿਆਦਾ ਨੁਕਸਾਨ ਪਹੁੰਚਾ ਦੇਵੇ। ਇਹ ਗੁਰਦਿਆਂ ਵਿਚ ਪੱਥਰੀ ਪੈਦਾ ਕਰ ਸਕਦਾ ਹੈ, ਚਮੜੀ ਦੇ ਹੇਠਾਂ, ਖਾਸ ਕਰਕੇ ਕੰਨ ਦੀ ਚਮੜੀ ਵਿਚ ਗੰਢਾਂ ਬਣ ਸਕਦੀਆਂ ਹਨ ਜਾਂ ਸਰੀਰ ਦੇ ਕਿਸੇ ਹੋਰ ਅੰਗ ਵਿਚ ਜੰਮ ਕੇ ਨੁਕਸਾਨ ਪਹੁੰਚਾ ਸਕਦਾ ਹੈ।

ਜਦੋਂ ਪਹਿਲੀ ਵਾਰ ਗਠੀਆ ਹੁੰਦਾ ਹੈ ਤਾਂ ਲਗਭਗ 20 ਫੀਸਦੀ ਰੋਗੀਆਂ ਵਿਚ ਤਕਲੀਫ ਪੈਰ ਦੇ ਅੰਗੂਠੇ ਤੋਂ ਸ਼ੁਰੂ ਹੁੰਦੀ ਹੈ। ਕੁਝ ਵਿਅਕਤੀਆਂ ਵਿਚ ਇਸ ਦੀ ਸ਼ੁਰੂਆਤ ਗੋਡਿਆਂ, ਗਿੱਟਿਆਂ, ਪੈਰਾਂ ਜਾਂ ਹੱਥਾਂ ਦੀਆਂ ਉਂਗਲਾਂ ਤੋਂ ਵੀ ਹੁੰਦੀ ਹੈ। ਜੋੜਾਂ ਵਿਚ ਅਚਾਨਕ ਦਰਦ ਉਠਦਾ ਹੈ ਅਤੇ ਸੋਜ ਵੀ ਹੋ ਜਾਂਦੀ ਹੈ। ਜੋੜ ਦੇ ਉੱਪਰ ਚਮੜੀ ਲਾਲ ਹੋ ਜਾਂਦੀ ਹੈ। ਕਈ ਵਾਰ ਇਸ ਪ੍ਰਕੋਪ ਕਾਰਨ ਬੁਖਾਰ ਵੀ ਹੋ ਜਾਂਦਾ ਹੈ। ਦਵਾਈ ਲੈਣ 'ਤੇ ਇਹ ਦੋ-ਤਿੰਨ ਦਿਨ ਬਾਅਦ ਹੀ ਕਾਬੂ ਆਉਂਦਾ ਹੈ।

ਸਰੀਰ ਵਿਚ ਯੂਰਿਕ ਐਸਿਡ ਦੀ ਮਾਤਰਾ ਵਧ ਜਾਣ ਨਾਲ ਇਸ ਰੋਗ ਦਾ ਪ੍ਰਕੋਪ ਹੁੰਦਾ ਹੈ, ਇਸ ਲਈ ਇਸ ਗੱਲ ਦੀ ਜਾਣਕਾਰੀ ਜ਼ਰੂਰੀ ਹੈ ਕਿ ਯੂਰਿਕ ਐਸਿਡ ਦੀ ਮਾਤਰਾ ਕਿਉਂ ਵਧਦੀ ਹੈ? ਸਰੀਰ ਵਿਚ ਯੂਰਿਕ ਐਸਿਡ ਪਿਊਰਿਨ ਯੁਕਤ ਖਾਣ-ਪਾਣ ਦੀਆਂ ਵਸਤਾਂ ਨਾਲ ਅਤੇ ਕੋਸ਼ਿਕਾਵਾਂ ਦੇ ਟੁੱਟਦੇ ਰਹਿਣ ਨਾਲ ਬਣਦਾ ਹੈ। ਤੰਦਰੁਸਤ ਸਰੀਰ ਵਾਧੂ ਯੂਰਿਕ ਐਸਿਡ ਨੂੰ ਮੂਤਰ ਰਾਹੀਂ ਬਾਹਰ ਕੱਢ ਦਿੰਦਾ ਹੈ ਪਰ ਗਠੀਆ ਹੋਣ 'ਤੇ ਇਹ ਸੰਤੁਲਨ ਵਿਗੜ ਜਾਂਦਾ ਹੈ ਜਾਂ ਗੁਰਦੇ ਯੂਰਿਕ ਐਸਿਡ ਨੂੰ ਬਾਹਰ ਨਹੀਂ ਕੱਢ ਪਾਉਂਦੇ।

ਅਜਿਹਾ ਵੀ ਹੋ ਸਕਦਾ ਹੈ ਕਿ ਹੋਰ ਕਾਰਨਾਂ ਨਾਲ ਵੀ ਸਰੀਰ ਵਿਚ ਕਦੇ-ਕਦੇ ਯੂਰਿਕ ਐਸਿਡ ਦੀ ਮਾਤਰਾ ਵਧ ਜਾਂਦੀ ਹੈ। ਇਹੀ ਵਧਿਆ ਹੋਇਆ ਯੂਰਿਕ ਐਸਿਡ ਗਠੀਏ ਨੂੰ ਪੈਦਾ ਕਰਦਾ ਹੈ। ਯੂਰਿਕ ਐਸਿਡ ਵਿਚ ਵਾਧਾ ਹੁੰਦੇ ਹੀ, ਇਸ ਦੇ ਕ੍ਰਿਸਟਲ ਜੋੜਾਂ ਵਿਚ ਜੰਮਣ ਲਗਦੇ ਹਨ ਅਤੇ ਸੋਜ ਅਤੇ ਦਰਦ ਹੋਣੀ ਸ਼ੁਰੂ ਹੋ ਜਾਂਦੀ ਹੈ। ਗਠੀਏ ਨੂੰ ਪੀੜ੍ਹੀ-ਦਰ-ਪੀੜ੍ਹੀ ਰੋਗ ਮੰਨਿਆ ਜਾਂਦਾ ਹੈ। ਇਸ ਨੂੰ ਪੈਦਾ ਕਰਨ ਦੇ ਦੋ ਪ੍ਰਕਾਰ ਦੇ ਵਿਕਾਰ ਮਾਂ ਵੱਲੋਂ ਸੰਤਾਨ ਨੂੰ ਮਿਲਦੇ ਹਨ ਪਰ ਕੁਝ ਦੂਜੇ ਵਿਕਾਰ ਮਾਂ ਜਾਂ ਪਿਤਾ ਕਿਸੇ ਤੋਂ ਵੀ ਮਿਲ ਸਕਦੇ ਹਨ।

ਰਹਿਣ-ਸਹਿਣ ਦਾ ਪ੍ਰਭਾਵ ਵੀ ਇਸ ਰੋਗ 'ਤੇ ਪੈਂਦਾ ਹੈ। ਮੋਟਾਪਾ ਵੀ ਗਠੀਏ ਦਾ ਪੱਕਾ ਸਾਥੀ ਹੈ। ਜਿਨ੍ਹਾਂ ਲੋਕਾਂ ਦਾ ਭਾਰ ਅਚਾਨਕ ਵਧਦਾ ਹੈ, ਉਨ੍ਹਾਂ ਨੂੰ ਇਹ ਰੋਗ ਵਧੇਰੇ ਹੁੰਦਾ ਹੈ। ਮਾਸਾਹਾਰ, ਸ਼ਰਾਬ ਦਾ ਸੇਵਨ ਕਰਨ ਨਾਲ ਅਤੇ ਜਲਵਾਯੂ ਦਾ ਪ੍ਰਭਾਵ ਵੀ ਇਸ ਰੋਗ 'ਤੇ ਪੈਂਦਾ ਹੈ।

ਅਜਿਹਾ ਦੇਖਿਆ ਗਿਆ ਹੈ ਕਿ 80 ਤੋਂ 90 ਫੀਸਦੀ ਗਠੀਏ ਦੇ ਰੋਗ ਪੁਰਸ਼ ਹੁੰਦੇ ਹਨ। 40 ਸਾਲ ਦੀ ਉਮਰ ਤੋਂ ਬਾਅਦ ਇਹ ਲੋਕਾਂ ਵਿਚ ਵਧੇਰੇ ਹੁੰਦਾ ਹੈ। ਕੁਝ ਔਰਤਾਂ ਵੀ ਇਸ ਦਾ ਕਸ਼ਟ ਭੁਗਤਦੀਆਂ ਹਨ।

ਖਾਣ-ਪੀਣ ਵਿਚ ਯੂਰਿਕ ਐਸਿਡ ਦੀ ਮਾਤਰਾ ਘੱਟ ਕਰਨ ਲਈ ਨਿਯਮਿਤ ਕਸਰਤ ਕਰਕੇ ਗਠੀਏ ਦੀ ਤਕਲੀਫ ਤੋਂ ਬਚਿਆ ਜਾ ਸਕਦਾ ਹੈ। ਗਠੀਏ ਦਾ ਸਹੀ ਇਲਾਜ ਨਾ ਹੋਣ 'ਤੇ ਗੁਰਦਿਆਂ ਵਿਚ ਪੱਥਰੀ ਬਣ ਸਕਦੀ ਹੈ। ਨਿਯਮਿਤ ਕਸਰਤ ਕਰਨ, ਪੈਦਲ ਚੱਲਣ, ਸ਼ਰਾਬ-ਮਾਸ ਦਾ ਤਿਆਗ ਕਰਨ ਨਾਲ ਗਠੀਏ ਵਰਗੀ ਕਸ਼ਟਦਾਇਕ ਬਿਮਾਰੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਚੋਰ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

(ਜਿੰਦਰ ਪਾਹੜੂ ਆਉਂਦੀ ਹੈ)

**ਮਿੰਦਰੋ** : (ਧੁੰਨਾ ਸਿੰਘ ਦੀ ਗੱਲ ਤੋਂ ਹੈਰਾਨ ਹੋ ਕੇ) ਦਿਨ ਦੇ ਚੋਰ, ਰਾਤ ਦੇ ਚੋਰ? ਇਹ ਕੀ ਯਬਲੀਆਂ ਮਾਰੀ ਜਾਂਦੈ।

**ਧੁੰਨਾ** : ਜਿੰਦਰ ਪਾਹੜੂ ਆ ਗਿਐ ਬਈ ਸਵੇਰੇ ਸਵੇਰੇ, (ਜਿੰਦਰ ਨੂੰ) ਆਪਣੀ ਤਾਈ ਨੂੰ ਦੱਸ ਕੀ ਫਰਕ ਹੁੰਦੈ ਦਿਨ ਦੇ ਚੋਰਾਂ ਤੇ ਰਾਤ ਦੇ ਚੋਰਾਂ ਵਿੱਚ।

**ਜਿੰਦਰ** : ਅੱਖੀਂ ਤੱਕੀ ਗੱਲ ਦੱਸਣਾ ਤੁਹਾਨੂੰ। ਕੱਲ੍ਹ ਈਨੋਵਾਲ ਦੇ ਇੱਕ ਘਰ 'ਚ ਚੋਰ ਵੜ ਗਿਐ। ਬੜੇ ਪੋਲੇ ਪੋਲੇ ਕਦਮ ਧਰਦਾ ਇੱਕ ਕਮਰੇ ਕੋਲ ਪਹੁੰਚ ਗਿਆ, ਬਾਹਰ ਉਹਦੇ ਤਿੰਨ ਸਾਥੀ ਖੜ੍ਹੇ ਸੀ, ਉਹਨਾਂ ਨੂੰ ਵੀ ਉਹਨੇ ਇਸ਼ਾਰਾ ਕਰਤਾ ਅੰਦਰ ਆਉਣ ਦਾ।

**ਮਿੰਦਰੋ** : ਮੇਰਾ ਤਾਂ ਦਿਲ ਡਰੀ ਜਾਂਦੈ ਤੇਰੀ ਗੱਲ ਸੁਣ ਕੇ, ਅੱਛਾ ਫੇਰ ਕੀ ਹੋਇਆ? ਚੋਰ ਚੋਰੀ ਕਰਕੇ ਚਲੇ ਕਿ ਫੜੇ ਗਏ?

**ਜਿੰਦਰ** : ਚੋਰਾਂ ਨੇ ਕੰਧ ਨੂੰ ਸੰਨ੍ਹ ਲਾਹ ਕੇ ਕੰਧ ਪਾੜ ਤੀ। ਇੱਕ ਚੋਰ ਜਦੋਂ ਅੰਦਰ ਵੜਨ ਲੱਗਾ ਤਾਂ ਘਰ ਦੇ ਪਹਿਲਾਂ ਤਿਆਰ ਸੀ ਉਹਦੀ ਆਉ ਭਗਤ ਕਰਨ ਵਾਸਤੇ, ਘਰ ਦਿਆਂ ਉਹਨੂੰ ਵਾਲਾਂ ਤੋਂ ਫੜ ਲਿਆ ਤੇ ਲੱਗੇ ਅੰਦਰ ਖਿੱਚਣ ਤੇ ਚੋਰ ਦੇ ਤਿੰਨੇ ਸਾਥੀ ਬਾਹਰ ਨੂੰ ਖਿੱਚਣ, ਚੋਰ ਅੱਧ ਵਿਚਾਲੇ ਲਟਕ ਗਿਆ। ਚੋਰ ਦੇ ਸਿਰ 'ਚ ਠਾਹ ਠਾਹ ਛਿੱਤਰਾਂ ਦੀ ਬਰਸਾਤ ਹੋਈ.....

**ਮਿੰਦਰੋ** : ਚੋਰ ਨਾਲ ਇਵੇਂ ਈ ਹੋਣਾ ਚਾਹੀਦਾ ਸੀ, ਜੋ ਹੋਇਆ ਸੋ ਚੰਗਾ ਹੋਇਆ। ਫੇਰ ਕੀ ਹੋਇਆ?

**ਜਿੰਦਰ** : ਘਰ ਦਿਆਂ ਦੇ ਰੌਲਾ ਪਾਉਣ ਤੇ ਬਾਕੀ ਤਿੰਨ ਚੋਰ ਤਾਂ ਦੌੜ ਗਏ, ਜਿਹਾ ਹਾਲ ਉਸ ਚੋਰ ਦਾ ਹੋਇਆ, ਰੱਬ ਕਿਸੇ ਨਾਲ ਨਾ ਕਰਾਏ। ਦੂਜੇ ਦਿਨ ਚੋਰ ਨੇ ਬਾਕੀ ਤਿੰਨਾਂ ਚੋਰਾਂ ਦੇ ਨਾਂ ਦੱਸ ਕੇ ਸਾਰੇ ਈ ਫੜਾ ਦਿੱਤੇ। ਪੰਚਾਇਤ ਨੇ ਇੱਕ ਤਾਂ ਜ਼ੁਰਮਾਨਾ ਕੀਤਾ ਤੇ ਦੂਸਰਾ ਪਵਾ ਕੇ ਘੱਗਰੀਆਂ ਸਾਰੇ ਪਿੰਡ 'ਚ ਉਹਨਾਂ ਦੀ ਲੈਫਟ ਰਾਈਟ ਲੈਫਟ ਰਾਈਟ ਕਰਵਾ ਦਿੱਤੀ।

**ਮਿੰਦਰੋ** : ਚੰਗਾ ਕੀਤਾ ਪੰਚੈਤ ਨੇ, ਚੰਗਾ ਅਨਾਮ ਮਿਲਿਆ ਚੋਰੀ ਕਰਨ ਦਾ। ਹੁਣ ਕਿਧਰੇ ਮੂੰਹ ਵਿਖੌਣ ਜੋਗੇ ਤਾਂ ਨਹੀਂ ਰਹੇ।

**ਧੁੰਨਾ** : ਪਰ ਕਦੇ ਕਿਸੇ ਚੋਰਾਂ ਕੋਲੋਂ ਪੁੱਛਿਆ ਏ ਬਈ ਉਹ ਰਾਤਾਂ ਨੂੰ ਚੋਰੀਆਂ ਕਿਉਂ ਕਰਦੇ ਨੇ। ਉਹ ਚੋਰ ਤਾਂ ਕਾਬੂ ਆ ਗਏ ਪਰ ਦਿਨ ਦੇ ਚੋਰ ਇਵੇਂ ਤੁਰੇ ਫਿਰਦੇ ਨੇ ਹਿੱਕ ਕੱਢ ਕੇ ਜਿਵੇਂ ਨਾਢੂ ਖਾਂ ਦੇ ਸਾਲੇ ਹੋਣ।

**ਮਿੰਦਰੋ** : ਤਾਈ, ਗੱਲ ਤਾਏ ਦੀ ਵੀ ਵਿਚਾਰਨ ਵਾਲੀ ਏ। ਬੜੇ ਲੋਕ ਨੇ ਜੋ ਬਾਹਰੋਂ ਬਗਲਿਆਂ ਵਾਂਗ ਚਿੱਟ ਕੱਪੜੀਏ ਨੇ ਵਿੱਚੋਂ ਕਾਲੇ ਕਾਂ। ਆਮ ਬੰਦੇ ਦੇ ਗਲ ਵਿਚ ਐਸੀ ਫਾਹੀ ਪਾਉਂਦੇ ਨੇ ਕਿ ਬੰਦਾ ਇਹਨਾਂ ਦੇ ਚੱਕਰਵਿਊ 'ਚੋਂ ਨਿਕਲ ਹੀ ਨਹੀਂ ਸਕਦਾ।

**ਧੁੰਨਾ** : (ਗੁੱਸੇ ਵਿਚ) ਆਹ ਦਿਨ ਦੇ ਚੋਰ ਤਾਂ ਸਾਰੀ ਉਮਰ ਗਰੀਬਾਂ ਦਾ ਖ਼ੂਨ ਪੀਂਦੇ ਨੇ ਫਿਰ ਵੀ ਇਹਨਾਂ ਦੀ ਪਿਆਸ ਨਹੀਂ ਬੁੱਝਦੀ। ਜਦ ਉਹ ਹੱਸ ਕੇ ਬੋਲਦੇ ਨੇ ਤਾਂ ਮੈਨੂੰ ਇੰਜ ਜਾਪਦੈ ਜਿਵੇਂ ਇਹਨਾਂ ਦੇ ਹਾਸਿਆਂ ਵਿਚੋਂ ਸਾਡੀਆਂ ਚੀਕਾਂ ਪੈਦਾ ਹੋਣਗੀਆਂ। ਮੇਰਾ ਤਾਂ ਦਿਲ ਕਰਦੈ ਇਹਨਾਂ ਦਿਨ ਦੇ ਚੋਰਾਂ ਨੂੰ ਗੋਲੀ ਵਿਚੋਂ ਲੰਘਾ ਦਿਆਂ।

**ਮਿੰਦਰੋ** : (ਖਿੱਝ ਕੇ) ਤੇਰਾ ਦਿਮਾਗ਼ ਵੀ ਉਲਟੀਆਂ ਪਲਟੀਆਂ ਮਾਰਨ ਲੱਗ ਪਿਆ ਜਾਪਦੈ। ਤੂੰ ਇਵੇਂ ਬੋਲਦਾ ਰਿਹਾ ਤਾਂ ਪੱਕਾ ਪਾਗ਼ਲ ਹੋ ਜਾਵੇਂਗਾ।

**ਧੁੰਨਾ** : ਨਹੀਂ, ਪਾਗ਼ਲਖ਼ਾਨੇ ਭੇਜਣ ਦੀ ਤੈਨੂੰ ਲੋੜ ਪਵੇਗੀ।

**ਮਿੰਦਰੋ** : (ਕੜਕ ਕੇ) ਮੈਨੂੰ? ਜਿੰਦਰ, ਆਹ ਸੁਣ ਲੈ ਗੱਲਾਂ। ਮੈਨੂੰ ਦੱਸ ਕੌਣ ਹੁੰਦੇ ਨੇ ਦਿਲ ਦੇ ਚੋਰ?

**ਧੁੰਨਾ** : ਦਸਦਾਂ ਦਸਦਾਂ.....(ਖੰਘ ਛਿੜ ਪੈਂਦੀ ਹੈ)

**ਮਿੰਦਰੋ** : ਹਰ ਕਿਸੇ ਦੇ ਉਲਟ ਬੋਲ ਕੇ ਉਹਨਾਂ ਦੇ ਪਾਪ ਧੋਣਾ ਵੇਂ, ਤਾਂ ਹੀ ਤਾਂ ਤੈਨੂੰ ਖੰਘ ਨਹੀਂ ਛੱਡਦੀ।

**ਧੁੰਨਾ** : (ਗਲਾ ਸਾਫ਼ ਕਰਦਾ ਹੋਇਆ) ਆਹ ਸੁਣ ਲਉ, ਕਿੱਡੀ ਅਕਲ ਦੀ ਗੱਲ ਸੁਣਾਈ ਏ!

| | | |
|---|---|---|
| **ਜਿੰਦਰ** | : | ਤਾਈ, ਮੈਂ ਦਸਣਾਂ ਦਿਨ ਦੇ ਚੋਰ। ਇਹ ਤਾਂ ਸਾਡੇ ਆਸੇ ਪਾਸੇ ਹਰਲ ਹਰਲ ਕਰਦੇ ਫਿਰਦੇ ਨੇ। ਇਹਨਾਂ ਨੂੰ ਪਛਾਨਣ ਵਾਸਤੇ ਅਕਲ ਵਾਲੀ ਅੱਖ ਦੀ ਲੋੜ ਏ। ਆਪਣੇ ਮੁਹੱਲੇ ਦਾ ਤਿਲਕਾ ਤਕੜਾ ਚੋਰ ਏ। |
| **ਮਿੰਦਰੋ** | : | ਤਿਲਕਾ? ਉਹ ਚੋਰ ਵੇ? |
| **ਧੁੰਨਾ** | : | ਹੋਰ ਤੂੰ ਉਹਨੂੰ ਸਾਧ ਸਮਝੀ ਬੈਠੀ ਏਂ। ਮਿੱਟੀ ਦੇ ਤੇਲ ਦੇ ਡੀਪੂ ਤੇ ਕਿਵੇਂ ਐਨੀ ਵੱਡੀ ਕੋਠੀ ਬਣ ਗਈ ਉਹਦੀ? |
| **ਮਿੰਦਰੋ** | : | ਤੇਲ ਵੇਚ ਕੇ ਹੋਰ ਕਿਵੇਂ। |
| **ਜਿੰਦਰ** | : | ਨਹੀਂ ਤਾਈ, ਤੇਲ ਵੇਚਦਾ ਤਾਂ ਮਾੜੀ ਮੋਟੀ ਰੋਟੀ ਉਹਦੀ ਪੂਰੀ ਹੁੰਦੀ। ਰੋਜ਼ ਸ਼ਰਾਬਾਂ ਨਾ ਪੀਂਦਾ ਮਹਿਫ਼ਲਾਂ ਵਿਚ ਤੇ ਨਾ ਹੀ ਬੱਕਰੇ ਬੁਲਾਂਦਾ। |
| **ਧੁੰਨਾ** | : | ਸਾਲਾ ਮੇਰਾ ਸਾਰੀ ਦੁਨੀਆਂ ਲੁੱਟ ਕੇ ਦਾਨੀ ਬਣਿਆ ਫਿਰਦੈ। ਪਰਸੋਂ ਕਿਸੇ ਕਲੱਬ ਨੇ ਗਰੀਬਾਂ ਨੂੰ ਮਾੜੇ ਮੋਟੇ ਕੱਪੜੇ ਵੰਡੇ, ਉਹਨਾਂ ਤਿਲਕੇ ਨੂੰ ਸੱਦ ਕੇ ਇਹਦੇ ਗਲ 'ਚ ਹਾਰ ਪਾਇਆ ਤੇ ਨਾਲੇ ਫੀਤਾ ਕਟਾਇਆ। ਉਹਦੇ ਗਲ ਵਿੱਚ ਟੁੱਟੇ ਛਿੱਤਰਾਂ ਦਾ ਹਾਰ ਚਾਹੀਦਾ ਸੀ। |
| **ਮਿੰਦਰੋ** | : | ਕੋਈ ਚੰਗਾ ਕੰਮ ਕਰਦਾ ਏ ਤਾਂ ਹੀ ਤਾਂ ਹਾਰ ਪਾਉਂਦੈ ਕੋਈ ਗਲ 'ਚ, ਤੇਰੇ ਕਿਉਂ ਨਹੀਂ ਪੈ ਜਾਂਦੇ ਹਾਰ? |
| **ਜਿੰਦਰ** | : | ਤਿਲਕਾ ਆਪਣੇ ਕੋਟੇ ਦੇ ਤੇਲ ਵਿਚੋਂ ਅੱਧਾ ਤੇਲ ਦੂਣੇ ਰੇਟ 'ਤੇ ਬਲੈਕ ਕਦੈ ਪੈਟਰੋਲ ਪੰਪ ਵਾਲਿਆਂ ਨੂੰ। ਪੈਟਰੋਲ ਪੰਪ ਵਾਲੇ ਮਿੱਟੀ ਦਾ ਤੇਲ ਸੁੱਟ ਕੇ ਪੈਟਰੋਲ ਵਿਚ ਦਸ ਗੁਣਾ ਵੱਧ ਮੁਨਾਫ਼ਾ ਕਮਾਉਂਦੇ ਨੇ। ਚੌਥੇ ਦਿਨ ਨਵੀਂ ਕਾਰ ਲਿਆ ਕੇ ਸੜਕਾਂ 'ਤੇ ਮਿੱਟੀ ਘੱਟਾ ਉਡਾ ਕੇ ਸਾਡੇ ਸਿਰ ਵਿਚ ਪਾਈ ਜਾਂਦੇ ਨੇ। |
| **ਧੁੰਨਾ** | : | ਇਹਨੂੰ ਕਹਿੰਦੇ ਨੇ ਧਰਮ ਕਰਮ ਦਾ ਧੰਦਾ !<br>(ਕਿਸ਼ਨਾ ਦੁਕਾਨਦਾਰ ਆਉਂਦਾ ਹੈ, ਜਿਸ ਨੂੰ ਵੇਖ ਕੇ ਧੁੰਨਾ ਅਤੇ ਮਿੰਦਰੋ ਚਿੰਤਤ ਹੋ ਜਾਂਦੇ ਹਨ)<br>(ਹੋਲੀ ਆਵਾਜ਼ ਵਿੱਚ) ਆ ਗਿਐ ਇਕ ਹੋਰ ਦਿਨ ਦਾ ਚੋਰ। |
| **ਮਿੰਦਰੋ** | : | ਚੁੱਪ ਵੀ ਕਰ ਜਾ, ਕਿਸ਼ਨੇ ਭਾ ਜੀ ਅੱਜ ਸੁੱਖ ਨਾਲ ਸਵੇਰੇ-ਸਵੇਰੇ ਕਿਵੇਂ ਦਰਸ਼ਨ ਦਿੱਤੇ ਨੇ? |
| **ਕਿਸ਼ਨਾ** | : | ਤੁਹਾਨੂੰ ਵੀ ਪਤੈ ਮੈਂ ਕਿਉਂ ਆਇਆਂ? ਪਿਛਲਾ ਹਿਸਾਬ ਨਿਬੇੜ ਦਿਉ ਭਾਈਵੰਦੀ ਨਾਲ, ਸਵੇਰੇ-ਸਵੇਰੇ ਰੱਬ ਦਾ ਨਾਂ ਲੈਣਾ ਹੁੰਦਾ ਏ। ਮੈਨੂੰ ਮਜਬੂਰ ਨਾ ਕਰਿਓ ਗਲਤ ਬੋਲਣ ਵਾਸਤੇ। |
| **ਮਿੰਦਰੋ** | : | ਕਿਸ਼ਨੇ ਭਾ ਜੀ, ਸਾਨੂੰ ਪਤੈ ਤੇਰੇ ਪੈਸੇ ਦੇਣੇ ਨੇ। ਤੇਰੀ ਪਾਈ ਪਾਈ ਦੇਵਾਂਗੇ ਐਤਕਾਂ ਕਣਕ ਦੀ ਫਸਲ ਆ ਲੈਣ ਦੇ। |
| **ਕਿਸ਼ਨਾ** | : | ਗੱਲੀਂ-ਬਾਤੀਂ ਹਰ ਵਾਰ ਸਾਰਾ ਹੀ ਹਿਸਾਬ ਸਾਫ਼ ਕਰ ਦੇਂਦੇ ਹੋ, ਮੇਰੇ ਪੈਰ ਘਸ ਜਾਂਦੇ ਨੇ ਤੁਹਾਡੇ ਢੀਠਾਂ ਦੇ ਘਰ ਦੇ ਚੱਕਰ ਮਾਰ ਮਾਰ ਕੇ। |
| **ਧੁੰਨਾ** | : | ਫਾਲਤੂ ਬੋਲਣ ਦੀ ਲੋੜ ਨਹੀਂ ਕਿਸ਼ਨੇ। ਉਹ ਦਿਨ ਯਾਦ ਕਰ ਜਦ ਤੂੰ ਨਵੀਂ-ਨਵੀਂ ਹੱਟੀ ਪਾਈ ਸੀ, ਹੱਥ ਜੋੜਦਾ ਕਹਿੰਦਾ ਸੀ ਮੇਰਾ ਖ਼ਿਆਲ ਰੱਖਿਉ, ਆਹ ਹੱਟੀ ਤੁਹਾਡੀ ਏ। ਅੱਜ ਕਿਵੇਂ ਨਾਸਾਂ ਫੁਲਾ ਫੁਲਾ ਗੱਲਾਂ ਕਰਦੈਂ। |
| **ਕਿਸ਼ਨਾ** | : | ਰਕਮ ਛੱਡ ਦਿਆਂ ਤੁਹਾਨੂੰ? |
| **ਧੁੰਨਾ** | : | ਕੌਣ ਕਹਿੰਦੈ ਛੱਡ, ਸਾਡੇ ਕਹਿਣ 'ਤੇ ਤੂੰ ਰਕਮ ਛੱਡ ਦੇਵੇਂਗਾ? ਤੂੰ ਤਾਂ ਚੁੰਗ ਨੂੰ ਮਾਰ ਕੇ ਠੁੰਗ ਬਣ ਗਿਐਂ ਸ਼ਾਹ। |
| **ਕਿਸ਼ਨਾ** | : | ਹਿਸਾਬ ਮਾਵਾਂ ਧੀਆਂ ਦਾ (ਜੇਬ ਵਿਚੋਂ ਕਾਗ਼ਜ਼ ਬਾਹਰ ਕੱਢਦਾ ਹੈ) ਸੱਤ ਹਜ਼ਾਰ ਤੋਂ ਉੱਪਰ ਰਕਮ ਬਣੀ ਪਈ ਏ, ਤੁਹਾਨੂੰ ਰਕਮ ਛੱਡ ਕੇ ਮੈਂ ਆਪਣੇ ਨਿਆਣੇ ਗੁਰਦੁਆਰੇ ਤਾਂ ਨਹੀਂ ਬਿਠਾ ਦੇਣੇ। |
| **ਮਿੰਦਰੋ** | : | ਸੱਤ ਹਜ਼ਾਰ ਤੋਂ ਉੱਪਰ ਹੋ ਗਿਐ ਉਧਾਰ? |
| **ਕਿਸ਼ਨਾ** | : | ਕਾਗ਼ਜ਼ 'ਤੇ ਕੱਲੇ ਕੱਲੇ ਸੌਦੇ ਬਾਰੇ ਲਿਖਿਐ, ਪੜ੍ਹ ਲਉ ਭਾਵੇਂ ਪੜ੍ਹਾ ਲਉ। |
| **ਧੁੰਨਾ** | : | ਫੜਾ ਕਾਗ਼ਜ਼ ਜ਼ਰਾ ਜਿੰਦਰ ਨੂੰ। (ਜਿੰਦਰ ਨੂੰ) ਜਵਾਨ, ਫੇਰ ਜ਼ਰਾ ਨਜ਼ਰ ਇਹਦੇ ਕਾਗ਼ਜ਼ 'ਤੇ। |
| **ਜਿੰਦਰ** | : | (ਕਾਗ਼ਜ਼ ਵੇਖਦਾ ਹੋਇਆ) ਲਿਖਾਈ ਦੀ ਪੂਰੀ ਸਮਝ ਨਹੀਂ ਆਉਂਦੀ, ਦੂਜਾ ਜਿੰਨਾ ਕੁ ਪਤਾ ਚਲਦੈ, ਉਹਦੇ ਵਿਚ ਕੀ ਲੱਭਾਂਗੇ। ਰੇਟ ਤਾਂ ਇਹਨੇ ਅਪਣਾ ਈ ਲਾਉਣਾ ਹੋਇਐ। |
| **ਕਿਸ਼ਨਾ** | : | ਰੇਟ ਬਿਲਕੁਲ ਮਾਰਕੀਟ ਦਾ ਲਾਇਐ। ਮਾਰਕੀਟ ਦੇ ਰੇਟ ਰੋਜ਼-ਰੋਜ਼ ਬਦਲਦੇ ਨੇ, ਤੂੰ ਵੀ ਪੜ੍ਹਿਆ ਏਂ, ਅਖ਼ਬਾਰਾਂ ਵਿਚ ਨਿੱਤ ਰੇਟਾਂ ਦੀ ਲਿਸਟ ਆਉਂਦੀ ਏ। |
| **ਜਿੰਦਰ** | : | (ਕਾਗ਼ਜ਼ ਉੱਪਰ ਨਿਗਾਹ ਕੇਂਦਰਤ ਕਰਦਾ ਹੋਇਆ) ਆਹ ਟੋਟਲ ਗਲਤ ਏ, ਇਕ ਹਜ਼ਾਰ ਸਿੱਧਾ ਈ ਵੱਧ ਬਣਾ ਦਿੱਤੈ। |
| **ਮਿੰਦਰੋ** | : | ਇੱਕ ਹਜ਼ਾਰ? ਹੈਂ? |

**(ਚਲਦਾ)**

# ਕਾਵਿ-ਕਿਆਰੀ

### (ਲਫ਼ਜ਼ਾਂ ਦੀ ਲੋਏ ਲੋਏ)

### ਅਸ਼ੀਰਵਾਦ/ਹਰਬਖ਼ਸ਼ ਸਿੰਘ ਟਾਹਲੀ



ਮੈਂ ਅਸ਼ੀਰਵਾਦ ਨਹੀਂ ਦਿਆਂਗਾ
ਮੈਂ ਦੁਆ ਕਰਾਂਗਾ।
ਅਸ਼ੀਰਵਾਦ ਦੇਣ ਦੀ ਤਾਕਤ ਕਿੱਥੋ ਹੈ ਮੇਰੇ ਕੋਲ
ਅਸ਼ੀਰਵਾਦ ਤੇ ਓਹੋ ਹੀ ਦੇ ਸਕਦਾ ਹੈ
ਜਿਸ ਦੇ ਅੱਗੇ ਮੈਂ ਦੁਆ ਕਰਨੀ ਹੈ।
ਮੈਂ ਭਲਾ ਏਡੀ ਵੱਡੀ ਸ਼ਕਤੀ ਦੀ ਜਗ੍ਹਾ
ਕਿਵੇਂ ਲੈ ਸਕਦਾ ਹਾਂ?
ਮੇਰੇ ਕੋਲ ਕਿਸੇ ਨੂੰ ਦੇਣ ਲਈ ਭਲਾ ਕੀ ਹੈ?
ਮੈਂ ਤਾਂ ਹਾਂ ਮੁਹਤਾਜ ਇਕ ਸਾਹ ਦਾ
ਮੇਰੀ ਔਕਾਤ ਇਕ ਸਾਹ ਦੀ ਹੈ
ਤੇ ਉਹ ਸਾਹ ਮੈਂ ਉਸ ਬੇਅੰਤ ਕੋਲੋਂ ਲੈਂਦਾ ਹਾਂ
ਉਸ ਦੇ ਕੋਲ ਸਾਹਾਂ ਦਾ ਭੰਡਾਰ ਹੈ
ਮੈਂ ਪਾਣੀ ਨਾ ਪੀਵਾਂ ਤਾਂ ਤੜਪਦਾ ਹਾਂ
ਮੈਂ ਅੰਨ ਨਾ ਖਾਵਾਂ ਤਾਂ ਮਰ ਜਾਂਦਾ ਹਾਂ
ਮੈਂ ਜਿਉਂਦਾ ਹਾਂ ਖੁਦ ਕਿਸੇ ਅਸ਼ੀਰਵਾਦ ਸਦਕਾ
ਮੇਰਾ ਮੇਹਰਬਾਨ ਮੇਰੇ ਜੀਵਨ ਦਾ ਸਰੋਤ ਹੈ
ਉਹ ਕਿਡੇ ਅਨਜਾਣ ਹਨ, ਜੋ ਦੇਣ ਲੱਗਦੇ ਹਨ
ਅਸ਼ੀਰਵਾਦ ਅਤੇ ਭਲਾ ਕਰਨ ਦਾ ਪਿੱਟਦੇ ਹਨ ਢੰਡੋਰਾ
ਪਰ ਇਕ ਮੇਰਾ ਵਾਅਦਾ ਹੈ
ਮੈਂ ਦੇ ਸਕਦਾ ਹਾਂ ਪਿਆਰ
ਮੈਂ ਪਿਆਰ ਦੇ ਰਸਤਿਆਂ ਦੀਆਂ ਵਾੜਾਂ
ਉਖੇੜ ਸਕਦਾ ਹਾਂ ਅਤੇ ਵਾਅਦਿਆਂ ਨੂੰ
ਨਾ ਤੋੜਨ ਦਾ ਵਾਅਦਾ ਕਰ ਸਕਦਾ ਹਾਂ।
ਜੇ ਕਿਤੇ ਮੈਨੂੰ ਮੇਰਾ ਰਸਤਾ ਮਿਲ ਗਿਆ
ਤਾਂ ਮੈਂ ਜ਼ਰੂਰ ਦੱਸਾਂਗਾ ਆਪਣੇ ਰਸਤੇ ਬਾਰੇ
ਮੈਨੂੰ ਮੇਰੀ ਮੰਜ਼ਲ ਵੱਲ ਨੂੰ ਇਕੱਲਿਆਂ ਜਾ ਕੇ ਕੀ ਮਿਲਣਾ
ਮੇਰੀ ਮੰਜ਼ਿਲ ਵੱਲ ਨੂੰ ਜੇ ਕਾਫਲਾ ਜਾਵੇ
ਤਾਂ ਮੇਰੀ ਪ੍ਰਾਪਤੀ ਹੈ।
ਮੇਰੀ ਮੰਜ਼ਲ ਦਾ ਪਤਾ ਲੱਗ ਜਾਵੇ ਹਰ ਕੋਈ ਨੂੰ
ਮੇਰੀ ਦੁਆ ਰਹੇਗੀ।
ਪਰ ਮੈਂ ਅਸ਼ੀਰਵਾਦ ਨਹੀਂ ਦੇ ਸਕਦਾ
ਕਿਉਂਕਿ ਮੇਰੇ ਅਸ਼ੀਰਵਾਦ ਦੇਣ ਨਾਲ ਮੈਂ
ਛੋਟਾ ਕਰਨ ਦੀ ਕੋਸ਼ਿਸ਼ ਵਿਚ ਹੋਵਾਂਗਾ ਉਸ ਨੂੰ
ਜਿਸ ਦੇ ਅੱਗੇ ਮੈਂ ਦੁਆ ਕਰਨੀ ਹੈ।
ਤੇ ਜਿਹੜਾ ਛੋਟਾ ਕਦੇ ਨਹੀਂ ਹੁੰਦਾ
ਇਹ ਮੈਂ ਜਾਣਦਾ ਹਾਂ।

*****

### ਕਵਿਤਾ/ ਅਸਿਖਿਆਰਥੀ

**ਸੁਰਿੰਦਰ ਮਕਸੂਦਪੁਰੀ**



ਸਕੂਲ ਪੜ੍ਹਦਿਆਂ
ਮਾਸਟਰ ਦੇ ਡੰਡੇ ਤੋਂ ਡਰਦਿਆਂ
ਅਨੁਸ਼ਾਸਨਬੱਧ ਹੁੰਦੇ ਸਾਂ
ਸਿੱਖਣ ਲਈ ਜਾਂਦੇ ਸਾਂ
ਸੇਵਾ ਲਈ ਆਉਂਦੇ ਸਾਂ
ਸਹਿਜ-ਸਬਰ ਸੰਗ ਚਲਦਾ
ਸਿਖਿਆਰਥੀ ਮਨ
ਹੁੰਦਾ ਸੀ ਹਾਜ਼ਰ-ਨਾਜ਼ਰ
ਵਿਦਿਆ ਮੰਦਰ ਦੀ ਵਲਗਣ ਵਿਚ

ਹੁਣ ਗੁਰੂ ਘਰ ਜਾਂਦੇ ਹਾਂ
ਕੁਝ ਸਿੱਖਣ-ਸਮਝਣ
ਜਾਂ ਗੁਰੂ-ਦਰਸ਼ਨਾਂ ਲਈ ਨਹੀਂ
ਬਸ ਗੁੰਮੇ-ਗੁਆਚੇ
ਸਵੈ ਦੀ ਭਾਲ ਵਿਚ
ਅਨੁਸ਼ਾਸਨੀ ਨਹੀਂ
ਦੁਨਿਆਵੀ ਹੁੰਦੇ ਹਾਂ
ਹਾਜ਼ਰ-ਨਾਜ਼ਰ ਨਹੀਂ
ਬਸ ਸ਼ਾਮਿਲ ਹੁੰਦੇ ਹਾਂ
ਸਹਿਜ ਨਹੀਂ
ਅਸਹਿਜ ਹੁੰਦੇ ਹਾਂ
ਸਿਖਿਆਰਥੀ ਮਨ ਤਾਂ
ਖ਼ੌਰੇ ਕਿਧਰੇ
ਧੱਕੇ-ਧੋੜੇ ਖਾਂਦੇ ਫਿਰਦਾ
ਦੁਨਿਆਦਾਰੀ ਦੀ ਅੰਨ੍ਹੀ ਦੌੜ ਵਿਚ
ਜਿੱਤ-ਹਾਰ ਦੀ ਲੱਗੀ ਹੋੜ ਵਿਚ।

ਅਸੀਂ ਅਗਿਆਨੀ ਖ਼ਾਲੀ-ਖੋਖਲੇ
ਲੈ ਕੇ ਮਨ ਮਿੱਟੀ-ਮੈਲਾ
ਕਰੀ ਜਾਂਦੇ ਹਾਂ
ਪਾਵਨ ਗੁਰੂ ਦੀ ਹਜ਼ੂਰੀ ਵਿਚ
ਸਵਾਰਥੀ ਅਰਦਾਸਾਂ/ਅਰਜ਼ੋਈਆਂ
ਮਨ ਦੀ ਖ਼ਾਲੀ ਗੋਲਕ ਭਰਨ ਲਈ
ਅਪੂਰਨ ਤੋਂ ਸੰਪੂਰਨ ਬਣਨ ਲਈ

ਅੱਧੇ-ਅਧੂਰੇ
ਅਸਿਖਿਆਰਥੀ ਜਿਹੇ !

**-234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021, ਮੋ. 99887-10234**

*****

## ਕਵਿਤਾ/ ਪੱਗ ਵਟ ਯਾਰ

**ਰਤਨ ਟਾਹਲਵੀ**



ਆਰ ਯਾਰ !
ਕੁੱਝ ਪੁੱਤਾਂ ਬਾਰੇ, ਕੁਨਬੇ ਬਾਰੇ,
ਬਹਿ ਕੇ ਕਿਤੇ ਲੁਕ ਕੇ ਯਾਰਾ
ਚਿਰ ਵਿਛੁੰਨੇ ਮਿੱਤਰਾਂ ਵਾਂਗੂੰ
ਪਰਿਵਾਰ ਸਲਾਮਤ ਰਹੇ ਦੀ ਗੱਲ
ਸੀਰੀਅਸ ਹੋ ਕੇ ਆਪਾਂ ਕਰੀਏ।

ਗੱਲ ਨਾ ਕਰੀਂ
ਤੂੰ ਵੀ ਚੋਰ ਤੇ ਮੈਂ ਵੀ ਚੋਰ
ਫਿਰ ਯਾਰਾ ਇਹ ਕਾਹਦਾ ਸ਼ੋਰ
ਤੂੰ ਵੀ ਆਪਣਾ ਪੁੱਤ ਸਮਝਾ ਲੈ
ਮੈਂ ਵੀ ਆਪਣਾ ਪੁੱਤ ਸਮਝਾਨਾਂ।
ਇਹ ਵੀ ਪੱਕੇ ਦੋਸਤ ਬਣਨ
ਦੋਸਤਾਨਾ ਇਹ ਨਿੰਦਿਆ ਚੁਗਲੀ
ਨਿੱਤ ਨਿੱਤ ਊਂ ਤਾਂ ਆਪਾਂ ਕਰੀਏ।

ਅਖ਼ਬਾਰਾਂ ਵਿਚ ਬਿਆਨ ਦੁਆ ਕੇ
ਅਖ਼ਬਾਰਾਂ ਨੂੰ ਖੁਸ਼ ਕਰਦੇ ਜਾਈਏ।
ਇਕ ਦੂਜੇ ਦੇ ਨਾਲ ਰਿਸ਼ਤੇਦਾਰੀ
ਪੁੱਤਰਾਂ ਨੂੰ ਸਮਝਾਂਦੇ ਰਹੀਏ
ਭੁੱਲ ਕੇ ਕਦੇ ਨਾ ਮਾੜਾ ਕਹੀਏ
ਕਿਉਂ ਪੁੱਤਰੋ
ਆਪਾਂ ਸਾਰੇ ਚੋਰ
ਚੁੱਪ ਕਰੋ ਨਾ ਪਾਵੋ ਸ਼ੋਰ।

ਮਾਲ ਹਰਾਮੀ ਤੂੰ ਕਮਾਇਆ
ਮਾਲ ਹਰਾਮੀ ਮੈਂ ਕਮਾਇਆ।
ਤੂੰ ਇਹ ਮਾਲ ਗੁਆਂਢ 'ਚ ਲੈ ਜਾ
ਮੈਂ ਇਹ ਮਾਲ ਵਿਦੇਸ਼ੀ ਕਰਦਾਂ।
ਫਿਰ ਅਸੀਂ ਇਹ ਖ਼ਬਰਾਂ ਬਣ ਬਣ
ਇੱਕ ਦੂਜੇ 'ਤੇ ਚਿੱਕੜ ਪਾਈਏ।

ਭੁੱਲ ਕੇ ਨਾ ਇਨਕੁਆਰੀ ਕਰਾਈਏ।
ਲੋਕਾਂ ਨੂੰ ਮੂਰਖ ਬਣਾਈਏ।
ਇਸ ਤਰ੍ਹਾਂ ਇਹ ਸੋਨ ਸੁਨਹਿਰੀ
ਪੰਜ ਸਾਲਾਂ ਨੂੰ ਅਸੀਂ ਲੰਘਾਈਏ।
ਇਸ ਤਰ੍ਹਾਂ ਕੁਝ ਅਰਸੇ ਪਿੱਛੋਂ
ਪੱਗ ਵਟ ਯਾਰ ਫਿਰ ਪੱਗ ਵਟਾਈਏ
ਲੋਕਾਂ ਕੋਲੋਂ ਅੱਖ ਬਚਾ ਕੇ
ਇਕ ਦੂਜੇ ਨੂੰ ਜੱਫੀਆਂ ਪਾਈਏ
ਇਕ ਦੂਜੇ ਨੂੰ ਜੱਫੀਆਂ ਪਾਈਏ।

## ਸ਼ਬਦਾਂ ਦੇ ਸੰਜੋਗ

### ਜਨਮ

ਪਿਛਲੇ ਜਨਮ ਵਿਚ ਮੈਂ ਤੇਰਾ ਪਿਆਰ ਹੰਢਾਇਆ
ਤੇ ਫਿਰ ਤੇਰੇ ਪਿਆਰ ਨੂੰ ਆਪਣੀ ਮੁੱਠੀ ਵਿਚ
ਬੰਦ ਕਰਕੇ ਮਰ ਗਿਆ।
ਤੇ ਜਦੋਂ ਮੇਰਾ ਇਹ ਜਨਮ ਹੋਇਆ,
ਮੇਰੀ ਮਾਂ ਨੇ ਮੇਰੀ ਬੰਦ ਮੁੱਠੀ ਖੋਹਲੀ
ਤੇਰਾ ਪਿਆਰ ਮੇਰੀ ਮੁੱਠੀ ਵਿਚੋਂ ਡਿਗ ਕੇ
ਮੇਰੇ ਆਲੇ ਦੁਆਰੇ ਖਿਲਰ ਗਿਆ।
ਮੇਰਾ ਆਪਾ ਸਰਸ਼ਾਰ ਹੋ ਗਿਆ।
ਮੈਂ ਤੇਰੀ ਹੋਂਦ ਵਿਚ ਇਕ ਵਾਰ ਫਿਰ ਮਹਿਸੂਸ ਕੀਤੀ
ਮੈਨੂੰ ਇੰਝ ਲੱਗਾ ਮੈਂ ਫਿਰ ਆਪਣੀ ਦੁਨੀਆਂ
ਵਿਚ ਆ ਗਿਆ ਹਾਂ।
ਮੈਨੂੰ ਮਹਿਸੂਸ ਹੋਇਆ ਜਿਵੇਂ ਤੇਰੇ ਮਾਉਲੀ ਸਾਹਾਂ
ਦੀ ਹਿੱਕ ਮੇਰੀ ਸਾਂਝੀ ਬਣੇਗੀ।
ਮੈਂ ਜਵਾਨ ਹੋਇਆ ਤੇ ਪਤਾ ਵੀ ਨਾ ਲੱਗਾ ਤੂੰ
ਕਿਸੇ ਪੁਰੇ ਦੀ ਹਵਾ ਉੱਤੇ ਸਵਾਰੀ ਕਰਕੇ ਆ ਗਈ
ਤੇ ਮੇਰੀ ਦੁਨੀਆਂ ਸਜਾ ਗਈ।
ਤੇ ਅੱਜ ਵਕਤ ਦੀ ਗੱਡੀ ਫਿਰ ਮੈਥੋਂ
ਛੁਟਦੀ ਜਾ ਰਹੀ ਹੈ। ਉਮਰਾਂ ਦੇ ਸੱਚ ਦਾ ਸੂਰਜ
ਚੜ੍ਹਦਾ ਵੀ ਹੈ ਤੇ ਢਲਦਾ ਵੀ ਹੈ
ਮੈਂ ਸ਼ਾਇਦ ਇਕ ਵਾਰ ਫਿਰ ਤੈਥੋਂ ਪਹਿਲਾਂ ਮਰਾਂ
ਜਾਂ ਪਿਛੋਂ ਮਹਾਂ-ਪਰ ਵਿਸ਼ਾ ਫਿਰ ਉਹੋ ਹੀ ਰਹੇਗਾ
ਤੇਰੇ ਪਿਆਰ ਨੂੰ ਆਪਣੀ ਮੁੱਠੀ ਵਿਚ ਬੰਦ ਕਰਕੇ
ਮਰ ਜਾਵਾਂਗਾ ਤੇ ਅਗਲੇ ਜਨਮ ਵਿਚ ਫਿਰ
ਮੇਰੀ ਮਾਂ ਮੇਰੀ ਮੁਠੀ ਨੂੰ ਖੋਹਲੇਗੀ ਤੇ ਤੇਰਾ ਪਿਆਰ
ਮੇਰੀ ਮੁੱਠੀ ਵਿਚੋਂ ਡਿੱਗ ਜਾਵੇਗਾ ਮੇਰਾ ਆਲਾ-ਦੁਆਲਾ
ਸਰਸ਼ਾਰ ਕਰ ਦੇਵੇਗਾ। ਇਹੋ ਹੀ ਮੇਰੀ ਭਗਤੀ ਹੈ
ਇਹੋ ਹੀ ਮੇਰੀ ਜਨਮ ਜਨਮ ਦੀ ਅਰਾਧਨਾ ਹੈ।

# प्यासा हिरण

गुरकीरत कौर

रमा और रमेश दादा जी के गाँव से आने पर बहुत खुश थे। रात को बच्चों ने दादा जी से कहानी सुनी।

दादा जी बोले, एक जंगल में हिरण औह हिरणी रहते थे। उनका एक प्यारा-सा बच्चा था। धूप बहुत तेज़ थ। गर्मी का मौसम था। हिरण के बच्चे को प्यास लगी। वे तीनों पानी की खोज में घूमते रहे। पर कहीं पानी नहीं मिला। अन्त में थक कर वे एक पेड़ के नीचे बैठ गए। बच्चे ने माँ से कहा क्या इस जंगल में कहीं भी पानी नहीं है माँ ? हिरणी ने कहा, बेटा, क्या करूँ ? कुछ समय पहले इस जंगल में हरी-हरी घास खाने मिलती थी। यहाँ सभी जानवर बड़े आराम से रहते थे। पेड़ों पर पक्षी चहचहाते थे। पेड़ों के कटने से सब कुछ बदल गया है। अब वर्षा भी कम होती है। पानी के स्रोत भी सूख रहे हैं।

भोजन की भी कमी हो गई है। हिरणी बोली, ''अब तो बरसात में बाढ़ आने लगती है। भूमि कट रही है। साँस लेने के लिए शुद्ध हवा की भी कमी है। इसी कारण जानवरों और पक्षियों की संख्या घट कर आधी रह गई है। ऐसा लगता है हमें भी अपना घर छोड़ना पड़ेगा।'' हिरण के बच्चे ने फिर से पानी माँगा वे फिर से पानी की तलाश में निकल पड़े। कुछ दूरी पर उन्हें एक तालाब दिखाई दिया। उन्होंने वहाँ जाकर देखा कि तालाब का अधिकतर भाग सूख चुका था। थोड़े से पानी से उन्होंने अपनी प्यास बुझाई।

अचानक उन्हें आहट सुनाई दी। वे तीनों वहाँ से भाग गए। रमेश बोला दादा जी जंगल तो सभी के लिए जरूरी है। दादा जी ने रमेश को शाबाशी दी कि उसने बरसात में खाली जमीन पर पेड़ लगाने की बात की और दादा जी ने कहा कि यदि सभी ऐसा करें तो धरती हरी-भरी हो जाएगी। अब रमा और रमेश को नींद आने लगी और वे सोने चले गए।

# वातावरण में बढ़ता शोर

इंसान की बनाई मशीनें, मोटर-वाहन, रेलगाड़ियां, हवाई जहाज और निर्माण कार्य में विस्फोटकों के इस्तेमाल से असहनीय ध्वनियां वातावरण में फैलती है और इनको रोकने का प्रयास भी निरर्थक-सा जान पड़ता है। कहीं त्योहार के बहाने, घर में किसी खुशी को साझा करने, कोई भी जश्न मनाने की आड़ में हम कान फोड़ू संगीत और पटाखों के चलाने में ज़रा भी नहीं हिचकिचाते। दीवाली पर तो इतनी आतिशबाजियां छोड़ी जाती है, जो कि वायु के साथ-साथ ध्वनि प्रदूषण की सीमा भी पार कर जाती है।

विशेषज्ञ मानते हैं, कि नब्बे डेसीमल से अधिक शोर हमारे सुनने की क्षमता को छीन सकता है। इससे हमारी नींद भी प्रभावित होती है और हम मानसिक रोग के शिकार भी हो सकते है। अस्पतालों एवं स्कूलों के सामने इस तरह के शोर की पूरी पांबदी होती है। फिर भी लोग नियमों का उल्लंघन करते है। कई हृदय के रोगियों को ऐसे में अपने प्राणों से हाथ धोना पड़ा है। तनाव भरी जिंदगी में अत्याधिक शोर में हानि पहुँचा रहा है, फिर भी हम इसे अनदेखा कर रहे हैं। सरकार का इस दिशा में कठोर कदम उठाने चाहिए। शोर करने वालों के खिलाफ कड़ी कार्यवाही होनी चाहिए। ध्वनि प्रदूषण रोकना बहुत आवश्यक है।

**अमनदीप सिंह**

# जीवन में शिक्षा का महत्त्व

करनजोत सिंह

इस प्रतियोगी संसार में सभी के लिए शिक्षा का बहुत महत्त्व है। यह आत्मविश्वास को विकसित करती है। बेहतर शिक्षा सभी के लिए जीवन में आगे बढ़ने और सफलता प्राप्त करने के लिए बहुत आवश्यक है। हमारी अच्छी और बुरी शिक्षा यह निर्धारित करती है कि हम भविष्य में किस प्रकार के व्यक्ति बनेगें। यह हमारे ज्ञान के स्तर, तकनीकी कौशल और नौकरी में उच्च पद को प्राप्त करने के द्वारा हमें सामाजिक, मानसिक और बौद्धिक रूप से मजबूत बनाती है।

हर बच्चा अपने जीवन में सपना देखता है, जिसे शिक्षा के माध्यम से प्राप्त किया जा सकता है। शिक्षा एक ऐसा यंत्र है, जो हम सभी को जीवन भर लाभान्वित करता है। जीवन में कुछ अलग करने और सफलता प्राप्त करने के लिए इसका बहुत महत्त्व होता है। यह जीवन में बहुत मदद करती है और जीवन में बहुत सी चुनौतियों का सामना करने के पाठ पढ़ाती है। यह मनुष्य को आत्मर्निभर बनाती है। यह जीवन में विभिन्न और बेहतर संभावनाओं के प्राप्त करने के लिए विभिन्न दरवाजे खोलती है। जिससे कैरियर के विकास में बढ़ावा मिलता है। यह देश के विकास में ओर बढ़ावा करती है। शिक्षा स्त्री और पुरूष दोनों के लिए समान रूप से आवश्यक है, क्योंकि दोनों मिलकर ही स्वास्थ्य और शिक्षित समाज का निर्माण करते है। आधुनिक तकनीकी संसार में शिक्षा मुख्य भूमिका को निभाती है। शिक्षा लोगों के मस्तिष्क को बड़े स्तर पर विकसित करती है। समाज में लोगों के बीच सभी भेदभावों को हटाने में मदद करती है। यह हमें जीवन के हर पहलू को समझाने के लिए सूझ-बूझ को विकसित करती है। यह सभी मानव अधिकारों, सामाजिक अधिकारों, देश के प्रति कर्त्तव्यों और दायित्वों को समझने में मदद करती है। यह मनुष्य के जीवन के हर पहलू का विकास होता है। यह असमानता को हटाने में पूरी तरह सक्षम है। शिक्षा एक ऐसा उपकरण है, जो जीवन समान ओर राष्ट्र में सभी असंभव स्थितियों को संभव बनाती है। अंत में मैं आपको यही कहना चाहता हूँ कि अगर शिक्षा का इतना महत्त्व है तो आप मन लगाकर पढ़ाई करें और माता-पिता का नाम रोशन करें।

# मधुर वाणी का महत्त्व

वाणी मनुष्य को ईश्वर की अनुपम देन है। मनुष्य का भाषा पर विशेष अधिकार है। भाषा के कारण ही मनुष्य इतनी उन्नति कर सका है। हमारी वाणी में मधुरता का जितना अधिक अंश होगा हम उतने ही दूसरों के प्रिय बन सकते है। हमारी बोली में माधुर्य के साथ-साथ शिष्टता भी होनी चाहिए। मधुर वाणी मनोनुकूल होती है। जो कानों में पड़ने पर चित्त द्रवित हो उठता है वाणी की मधुरता हृदय द्वार खोलने की कुंजी है। एक ही बात में हम कटु शब्दों में कहते है और उसी को हम मधुर बना सकते है। वार्तालाप की शिष्टता मनुष्य को आदर का पात्र बनाती है और समाज में उसकी सफलता के लिए रास्ता साफ कर देती है। कटु वाणी आदमी को रूष्ट कर सकती है तो इसके विपरीत मधुर वाणी दूसरे को प्रसन्न भी कर सकती है। हमारी वाणी ही हमारी शिक्षा-दीक्षा, कुल की परंपरा और मर्यादा का परिचय देती है। इसलिए हमें वार्तालाप में व्यापारिक बातचीत एवं निजी बातचीत में थोड़ा अंतर रखना चाहिए। वाणी किसी भी स्थिति में कटु एवं अशिष्ट नहीं होनी चाहिए।

# COMPUTER INTERESTING FACTS

1. The first electronic computer ENIAC weighted more than 27 tons and took up 1800 square feet.
2. TYPEWRITER is the longest world that you can write using the letters only on one row of the keyboard of you computer.
3. Doug Engelbart invented the first computer mouse in around 1964 which has made of wood.
4. H.P., Microsoft and Apple have one very interesting things in common - they were all started in Garage.
5. An average person blinks 20 times a minute but when using a computer only blinks person 7 times in a minute.
6. The first hard-disk was made in 1979, and could hold only 5MB of data.
7. The original name of windows was interface manager.
8. There are more than 5000 new computer viruses are released every month.
9. More than 80% of he emails sent are spams.
10. A group of 12 engineers designed IBM PC and they were called as "The Dirty Dozen".
11. 92% of the world's currency exists on computers.
12. Around 40-55% wikipedia vandalism is caught by a single computer program.

**Ramanjot Kaur**

# SOCIAL MEDIA LIFE OF A LOAN

Every day I go on facebook to check on my wall. I just store and wonder if I even know you people at all.

I go on twitter to tweet a tweet, then on instagram to share a random pictures of my tweet. I post just about the most ridiculous things, including what I wear and what I eat.

I can't stand my page being blank and white, so I come up with a funny story, whenever I can't think of anything else to write.

If I'm really bored I might check out somone Else's page intended, to post a rude comment about something they said.

I don't hang out with a lot of friends, but according to the internet, I have over hundred and ten ! This is everyone routine day by day, as we check posts, and secretly call each other names as we pass in the hallway.

We call this our way to connect, but society is turning into a wreck social media helps us to keep in touch, but I think it's the reason we heaven't slept much.

**Prince**



# MATRIMONIAL



LOOKING FOR PROFESSIONALLY QUALIFIED, PREFERABLY AMRITDHARI GIRL FOR GURSIKH-AMRITDHARI LUBANA BOY D.O. B- 23.08.1993 (29 YEARS), HEIGHT – 6’6", QUALIFICATIONS -B. TECH (COMPUTER SCIENCE) GRADUATE DIPLOMA IN APPLIED MANAGEMENT WELL EDUCATED, PROFESSION – WORKING AS DATA REPORTINGANALYST WITH AUCKLAND DISTRICT HEALTHBOARD, AUCKLAND-NEW ZEALAND,ANNUAL PACKAGE-NZ$1.03 LACS (RS.50.00 LACS). FAMILY- FATHER BANK MANAGER, MOTHER HOME MAKER AND YOUNGER BROTHER UNMARRIED-WORKING ABROAD IN AN MNC, OWN HOUSE IN DELHI. CASTE NO BAR. FOR MORE DETAILS PLS CONTACT: 98710-96789

* * * * *

WANTED BEAUTIFUL MATCH FOR FAIR 6’ FT BOY D.O. B – 17.01.1993, EDUCATION – B. COMM. COM, SELFEMPLOYED, FAMILY – FATHER RETIRED FROM GOVT. JOB (TEACHER), MOTHER- HOUSE WIFE (B. A, B. ED) AND BROTHER M.S IN COMPUTER SCIENCE, SOFTWARE ENGINEER SETTLED ABROAD (GERMANY), NATIVE PLACE- AMBALA AND CURRENT PLACE – DELHI. CONTACT – 62808-72306

* * * * *

LOBANA SIKH BOY, CANADIAN CITIZEN,1985 BORN, 6’TALL, SENIOR CYBER SECURITY/ IT PROFESSIONAL, BELONGING TO REPUTED EDUCATED/ PROFESSIONALLY QUALIFIED AMERICAN/CANADIAN CITIZEN. PR GIRL SEND BIO DATA AND PICTURE OF GIRL CONTACT ON WHATSAPP – 96677-23663

* * * * *

LOBANA SIKH HANDSOME BOY 30/5’-6" CONVENT EDUCATED WITH B.TECH, WORKS IN REPUTED MNC AT MOHALI, EARNS 12 LPA, DECENT, REPUTED & SMALL FAMILY WITH URBAN/RURAL PROPERTIES. SEEKS EQUIVALENT MATCH. EARLY MARRIAGE. CONTACT: 98726-63863 JALANDHAR.

* * * * *

LOBANA SIKH GIRL, DOB-22.02.2023, HEIGHT-5'11", EDUCATION- M.S. (OBS. AND GYN.), MBBS. JOB PROFILE - WORKING AS A CONSULTANT GYNACOLOGIST IN MULTI SPECIALIST HOSPITAL. CONTACT: ER. CHARANJIT SINGH 94784-82567, 94784-83310

* * * * *

WANTED A BEAUTIFUL TALL AND SLIM MBBS/MD GIRL FOR DOCTOR RAVNEET SINGH MBBS WITH PASSING YEAR 2022 JULY. D.O.B 18TH FEBRUARY,1998 LOBANA SIKH GHOTRA BOY HEIGHT: 5.11 INCH FAIR COLOUR "CURRENTLY DOING JOB IN KCGMC KARNAL GOVT AS JR."FATHER AGRICULTURISTS AND MOTHER GOVERNMENT ENGLISH LECTURER IN HARYANA STATE (HBSE). AGRICULTURAL LAND 54 ACRE AND OTHER COMMERCIAL PROPERTY IN JUNDLA. ONE YOUNGER BROTHER IN CANADA."9896381674"9996296333

* * * * *

LOOKING FOR A MATCH FOR SMART 6 FEET CLEAN SHAVE BOY BUT SUPPORT TURBAN DURING SOCIAL ENGAGEMENTS. BORN 6 JUNE 1997 GIRL SHOULD BE AGED AROUND 23-25 YEARS, TALL, BEAUTIFUL, SLIM, AND FAIR COMPLEXTION FROM EDUCATED FAMILY BOY IS B. TECH IN CIVIL ENGINEERING FROM PEC CHANDIGARH AND MASTER IN STRUCTURAL ENGG. FROM CARLETON UNIVERSITY, CANADA. WORKING AS STRUCTURAL ENGG. IN MNC, CANADA. SINGLE CHILD FATHER IS RETIRED OFFICER FROM HARYANA GOVT. AND MOTHER HOUSEWIFE, PARENTSSETTLED IN PANCHKULA. HAVING URBAN PROPERTY IN HARYANA AND PUNJAB. MOBILE- 9888412198, 98887-12198surindersingh5577@gmail.com

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਫਰਵਰੀ ਮਹੀਨੇ ਦੀ ਸੰਗਰਾਂਦ ਅਤੇ ਹੋਰ ਕਾਰਜਾਂ ਲਈ ਦਾਨੀ ਸੱਜਨਾਂ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ: | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸ੍ਰ: ਐਚ. ਐਸ. ਘੋਤੜਾ<br>ਮਕਾਨ ਨੰ: 11, ਸੈਕਟਰ- 48-ਏ, ਸੰਗਮ ਏਨਕਲੇਵ, ਚੰਡੀਗੜ੍ਹ | 443 | 200 | 13.02.2023 |
| 2. | ਸ੍ਰ: ਮਨਜੀਤ ਸਿੰਘ ਲੁਬਾਣਾ, ਗੁਰੂ ਘਰ ਇੰਚਾਰਜ<br>ਮਕਾਨ ਨੰ: 873, ਸੈਕਟਰ - 64, ਮੋਹਾਲੀ | 444 | 500 | 13.02.2023 |
| 3. | ਲੈਕਚਰਾਰ ਸ੍ਰ: ਗੁਲਸ਼ਨ ਕੁਮਾਰ ਸਿੰਘ, ਵਿੱਤ ਸਕੱਤਰ,<br>ਮਕਾਨ ਨੰ: 3405, ਸੈਕਟਰ - 40, ਚੰਡੀਗੜ੍ਹ | 445 | 200 | 13.02.2023 |
| 4. | ਕਰਨਲ ਸ੍ਰ: ਜਗਤਾਰ ਸਿੰਘ ਮੁਲਤਾਨੀ<br>ਮਕਾਨ ਨੰ: 114, ਸੈਕਟਰ-33, ਚੰਡੀਗੜ੍ਹ | 446 | 500 | 13.02.2023 |
| 5. | ਸ੍ਰ: ਕੀਰਤੀ ਸਿੰਘ<br>ਮਕਾਨ ਨੰ: 452, ਸੈਕਟਰ-23, ਪੰਚਕੁਲਾ | 447 | 100 | 13.02.2023 |
| 6. | ਸੂਬੇਦਾਰ ਮੇਜਰ ਜਸਪਾਲ ਸਿੰਘ,<br>ਮਕਾਨ ਨੰ: 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ | 448 | 200 | 13.02.2023 |
| 7. | ਪੰਡਿਤ ਰਾਮ ਕੁਮਾਰ, ਕਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ | 449 | 500 | 13.02.2023 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਮਿਤੀ 13-02-2023 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਫੱਗਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ





Regd No. 32212/78 Postal No.-- G/CHD/0111/2018-2020

# ਸ਼ੁਭ ਅਨੰਦ ਕਾਰਜ





ਸ. ਜਪਇੰਦਰ ਪਾਲ ਸਿੰਘ ਸਪੁੱਤਰ ਸ. ਪੀ.ਪੀ. ਸਿੰਘ (ਪੀ.ਸੀ.ਐਸ. ਰਿਟਾ.)
ਦਾ ਵਿਆਹ ਬੀਬਾ ਰਿਵਲਦੀਪ ਕੌਰ
ਸਪੁੱਤਰੀ ਸ. ਪਰਮਜੀਤ ਸਿੰਘ ਨਾਲ ਗੁਰਮਰਿਆਦਾ ਅਨੁਸਾਰ
ਬੀਤੇ ਦਿਨੀਂ ਜਲੰਧਰ ਵਿਖੇ ਹੋਇਆ



## ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਖ਼ੂਬਸੂਰਤ ਦ੍ਰਿਸ਼